ਰੇਡੀਓ ਲੜੀਵਾਰ – ਟਿਕਾਊ ਵਿਕਾਸ – ਚਲਦੀ ਰਹੇ ਇਹ ਜਿੰਦਗੀ

ਕੜੀ-52 ਟਿਕਾਊ ਵਿਕਾਸ-ਇੱਕ ਸਮੁੱਚੀ ਝਾਤ

**( RECAP sustained Development)**

ਲੜੀਵਾਰ ਸੰਯੋਜਕ : ਡਾ. ਬੀ ਕੇ ਤਿਆਗੀ

ਪੰਜਾਬੀ ਲੇਖਣ ਤੇ ਸੋਧ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਵੱਖ ਵੱਖ ਵਿਗਿਆਨੀ ਤੇ ਮਾਹਰ

## ਸੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ – ਚਲਦੀ ਰਹੇ ਇਹ ਜਿੰਦਗੀ......

( ਸੰਗੀਤ...)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ। ਵਿਗਿਆਨ ਲੜੀਵਾਰ "ਟਿਕਾਊ ਵਿਕਾਸ – ਚਲਦੀ ਰਹੇ ਇਹ ਜਿੰਦਗੀ" ਦੀਆਂ ਇਕਵੰਜਾ ਕੜੀਆਂ ਰਾਹੀਂ ਅਸੀਂ ਕੀਤੀ ਹੈ ਗੱਲ ਸਾਡੇ ਕੁਦਰਤ ਵਿਰੋਧੀ ਖਪਤਵਾਦ ਨਾਲ ਲੱਦੇ ਵਿਕਾਸ ਮਾਡਲ ਦੀ ਜਿਸਨੇ ਬਦਲ ਦਿੱਤੀ ਹੈ ਸਾਡੀ ਤਰਜੇ ਜਿੰਦਗੀ ਤੇ ਬਣਾ ਦਿੱਤਾ ਹੈ ਸਾਨੂੰ ਖਪਤਵਾਦ ਦਾ ਗੁਲਾਮ ! ਗੱਲ ਕੀਤੀ ਹੈ ਇਸ ਖਪਤਵਾਦ ਦੇ ਕਾਰਨ , ਨਿੱਕਲ ਰਹੇ ਸਿੱਟਿਆਂ ਦੀ, ਖਤਰਿਆਂ ਦੀ, ਜੋ ਦਰਪੇਸ਼ ਨੇ ਸਾਡੇ ਇਸ ਧਰਤ ਗ੍ਰਹਿ ਨੂੰ ਅਤੇ ਮਨੁਖਤਾ ਨੂੰ ! ਅੱਜ ਦੀ ਕੜੀ ਵਿੱਚ ਹੈ ਪੇਸ਼ਕਾਰੀ **"ਟਿਕਾਊ ਵਿਕਾਸ-ਇੱਕ ਸਮੁੱਚੀ ਝਾਤ"** ਕੀਤੀ ਹੈ ਚਰਚਾ ਕਿ ਕੀ ਹੋਈਆਂ ਨੇ ਗੱਲਾਂ ਟਿਕਾਊ ਵਿਕਾਸ ਬਾਬਤ ਤੇ ਕੀ ਹਨ ਟਿਕਾਊ ਵਿਕਾਸ ਦੇ ਮੁੱਦੇ , ਕਿਵੇਂ ਨੇ ਇਹ ਸਾਡੀ ਟਿਕਾਊ ਹੋਂਦ ਦੀ ਬੁਨਿਆਦ !

**ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "ਚਲਦੀ ਰਹੇ ਇਹ ਜਿੰਦਗੀ" ਦੀ 52ਵੀਂ ਕੜੀ ਵਿੱਚ ਸੁਆਗਤ ਹੈ ਸਾਰੇ ਸ੍ਰੋਤਿਆਂ ਦਾ! ਸੱਭ ਨੂੰ ਸ਼ੁੱਭ ਸਵੇਰ !

**ਮਰਦ ਸੂਤਰਧਾਰ:** ਪਿਛਲੀ ਕੜੀ ਵਿੱਚ ਕੀਤੀ ਸੀ ਅਸੀਂ ਚਰਚਾ ਟਿਕਾਊ ਵਿਕਾਸ ਦੇ ਮੁਦਿਆਂ ਤੇ !

**ਔਰਤ ਸੂਤਰਧਾਰ:** ਹੋਈ ਸੀ ਗੱਲ ਕਿ ਕਿਵੇਂ ਅਸੀਂ ਸਾਹਮਣਾ ਕਰ ਰਹੇ ਹਾਂ ਵੱਧਦੇ ਦੀ ਸ਼ਹਿਰੀ ਕਰਨ ਦੀਆਂ ਸਮੱਸਿਆਵਾਂ ਦਾ!

**ਮਰਦ ਸੂਤਰਧਾਰ:** ਚਰਚਾ ਸੀ ਪਿੰਡਾਂ ਉਪਰ ਪੈਂਦੇ ਇਸ ਸ਼ਹਿਰੀਕਰਨ ਦੇ ਪ੍ਰਭਾਵ ਦੀ !

**ਔਰਤ ਸੂਤਰਧਾਰ:** ਦੱਸਿਆ ਸੀ ਕਿ ਮਹਾਂਨਗਰਾਂ ਵਿੱਚ ਵਰਤੋਂ ਹੁੰਦੀ ਹੈ ਸ੍ਰੋਤਾਂ ਦੀ ਬਹੁਤ ਜਿਆਦਾ ਪ੍ਰਤੀ ਵਿਅਕਤੀ ਵੀ !

**ਮਰਦ ਸੂਤਰਧਾਰ:** ਹਾਂ ਕੀਤੀ ਸੀ ਚਰਚਾ ਸ਼ਹਿਰਾਂ ਵਿੱਚ ਵੱਧਦੇ ਕੂੜੇ 'ਤੇ ਓਤੇ ਇਸਦੇ ਪਰਿਆਵਰਣੀ ਮਿਤਰ ਨਿਪਟਾਰੇ ਤੇ !

**ਔਰਤ ਸੂਤਰਧਾਰ:** ਹਾਂ ! ਲੀਚੇਟ ਵਿਧੀ 'ਤੇ ਅਤੇ ਕੂੜਾ ਖਣਨ 'ਤੇ ਵੀ ਹੋਈ ਸੀ ਚਰਚਾ !

**ਮਰਦ ਸੂਤਰਧਾਰ:** ਹਾਂ ਜੀ ! ਗੱਲ ਕੀਤੀ ਸੀ ਇਨ੍ਹਾਂ ਮਹਾਂ ਨਗਰਾਂ ਵਿੱਚ ਵਧਦੇ ਟਰੈਫਿਕ ਜਾਂਮਾਂ ਦੀ !

**ਔਰਤ ਸੂਤਰਧਾਰ:** ਚਰਚਾ ਵਿੱਚ ਸਾਹਮਣੇ ਆਇਆ ਸੀ ਤੱਥ ਕਿ ਸੜਕ ਪਾਰ ਕਰਨਾ ਬਜੁਰਗਾਂ ਬੱਚਿਆਂ ਤੇ ਅਪੰਗਾਂ ਵਾਸਤੇ ਤਾਂ ਹੋ ਗਿਆ ਹੈ ਕਰੀਬ ਅਸੰਭਵ ਹੀ !

**ਮਰਦ ਸੂਤਰਧਾਰ:** ਹਾਂ ਜੀ ਸੁਣਾਈ ਸੀ ਕਹਾਣੀ ਕਿ ਕਿਵੇਂ ਆਮ ਲੋਕਾਂ ਦਾ ਸਮਾ ਤੇ ਊਰਜਾ ਹੁੰਦੇ ਨੇ ਨਸ਼ਟ ਸੜਕਾਂ ਦੀਆਂ ਦੂਰ ਦੂਰ ਦੀਆਂ ਕਰਾਸਿੰਗ ਥਾਵਾਂ ਕਰਕੇ ਜਾਂ ਫਿਰ ਅੰਡਰ ਪਾਸ ਤੇ ਓਵਰ ਬਰਿਜਾਂ ਕਰਕੇ !

**ਔਰਤ ਸੂਤਰਧਾਰ:** ਚਰਚਾ ਸੀ ਆਫਤ ਰੋਧਕ ਭਵਨਾਂ , ਲਚਕਦਾਰ ਇਮਾਰਤਾਂ ਅਤੇ ਆਫਤ ਰੋਧਕ ਭਵਨ ਸਮੱਗਰੀ ਉਪਰ ਵੀ !

**ਮਰਦ ਸੂਤਰਧਾਰ:** ਹਾਂ ! ਚਰਚਾ ਸੀ ਹਰਿਤ ਭਵਨਾਂ ਬਾਬਤ ਤੇ ਹਰਿਤ ਭਵਨ ਨਿਰਮਾਨ ਸਮੱਗਰੀ ਬਾਬਤ ਵੀ !

**ਔਰਤ ਸੂਤਰਧਾਰ:** ਹੋਈ ਸੀ ਚਰਚਾ ਆਪਤਾਂ ਬਾਬਤ ਅਗਾਊਂ ਚੇਤਾਵਨੀ ਪ੍ਰਣਾਲੀਆਂ ਦੀ ਵੀ ਇਨ੍ਹਾਂ ਦੀ ਉਪਲਭਧਤਾ , ਅਮਤਰ ਰਾਸਟਰੀ ਤੇ ਰਾਸਟਰੀ ਸਹਿਯੋਗ ਦੀ ਵੀ !

**ਮਰਦ ਸੂਤਰਧਾਰ:** ਗੱਲ ਕੀਤੀ ਸੀ ਇਨ੍ਹਾਂ ਦੀ ਬਦੌਲਤ ਬਚਦੇ ਜਾਨ ਮਾਲ ਦੀ !

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ ਟਿਕਾਊ ਵਿਕਾਸ – "**ਚਲਦੀ ਰਹੇ ਇਹ ਜਿੰਦਗੀ**" ਦੀ 52ਵੀਂ ਕੜੀ, "**ਟਿਕਾਊ ਵਿਕਾਸ-ਇੱਕ ਸਮੁੱਚੀ ਝਾਤ**"! ਸੁਣੋ ਇਉਂ ਤੁਸੀਂ ਸਾਡੇ ਇਨ੍ਹਾਂ ਕਲਾਕਾਰਾਂ ਦੀ ਜ਼ੁਬਾਨੀ !

…………**ਕੜੀ ਦਾ ਸੰਗੀਤ**…………

**ਸਿਰਲੇਖ ਧੁਨੀ** ………………………………**ਮੱਧਮ ਪੈਂਦੀ ਹੈ**

**ਦ੍ਰਿਸ਼ ਪਰਿਵਰਤਨ ਦਾ ਸੰਗੀਤ**……

**ਦ੍ਰਿਸ਼ –ਪਹਿਲਾ**

**ਔਰਤ ਸੂਤਰਧਾਰ:** ਟਿਕਾਊ ਵਿਕਾਸ ਦੀ ਜਦ ਅਸੀਂ ਗੱਲ ਕਰਦੇ ਹਾਂ ਤਾਂ ਸਾਡੀਆਂ ਅੱਖਾਂ ਅੱਗੇ ਸਪਸ਼ਟ ਤਸਵੀਰ ਉਘੜ ਆਉਂਦੀ ਹੈ ਕਿ ਟਿਕਾਊ ਵਿਕਾਸ ਸਾਡੀ ਹੋਂਦ ਲਈ ਕਿੰਨਾ ਹੈ ਜਰੂਰੀ ।

**ਮਰਦ ਸੂਤਰਧਾਰ:** ਵਿਕਾਸ ਦੀ ਇਹ ਇਕ ਅਜਿਹੀ ਲੀਹ ਹੈ ਜਿਸ ਵਿੱਚ ਸਾਡੇ ਪਰਿਆਵਰਣ ਅਤੇ ਚੁਗਿਰਦੇ ਨੂੰ ਬਰਬਾਦ ਹੋਣ ਤੋਂ ਬਚਾਉਂਦੇ ਹੋਏ ਅਸੀਂ ਚਲਦੇ ਹਾਂ ਵਿਕਾਸ ਦੇ ਰਸਤੇ 'ਤੇ !

**ਔਰਤ ਸੂਤਰਧਾਰ:** ਕਿਸੇ ਵੀ ਅਣਜਾਣ ਥਾਂ ਤੋਂ ਲੰਘਦੇ ਹੋਏ ਸਾਡਾ ਸਾਹਮਣਾ ਹੁੰਦਾ ਹੈ ਭਾਂਤ-ਭਾਂਤ ਦੇ ਲੋਕਾਂ ਨਾਲ ! ਉਹ ਲੋਕ ਚਰਚਾ ਦੌਰਾਨ ਸਾਡੇ ਨਾਲ ਗੱਲ ਕਰਦੇ ਹਨ ਕੁਦਰਤ ਦੇ ਕੀਤੇ ਜਾ ਰਹੇ ਵਿਨਾਸ਼ ਦੀ !

**ਮਰਦ ਸੂਤਰਧਾਰ:** ਲੋਕ ਖੁਦ ਵੀ ਟਿਕਾਊ ਵਿਕਾਸ ਦੀਆਂ ਵਿਧੀਆਂ ਬਾਬਤ ਮੁਦਿਆਂ ਨੂੰ ਕੇਂਦਰਤ ਕਰਦੇ ਹਨ । ਮਿਸਾਲਾਂ ਰਾਹੀਂ ਧਾਰਨਾਵਾਂ ਸਪਸ਼ਟ ਹੋਣ 'ਤੇ ਸਾਨੂੰ ਸਮਝ ਪੈ ਜਾਂਦੀ ਹੈ ਟਿਕਾਊਪਨ ਦੀ ਤਾਸੀਰ ਦੀ ! ਕਰ ਲੈਂਦੇ ਹਾਂ ਅਸੀਂ ਸਵਾਰੀ ਟਿਕਾਊ ਵਿਕਾਸ ਲਹਿਰ ਦੀ !

**ਔਰਤ ਸੂਤਰਧਾਰ:** ਸਾਨੂੰ ਹੁਣ ਤਾਂ ਭਲੀ ਭਾਂਤ ਗਿਆਨ ਹੈ ਕਿ ਟਿਕਾਊ ਵਿਕਾਸ ਦੇ ਟੀਚਿਆਂ ਨੂੰ ਕਰ ਦਿੱਤਾ ਗਿਆ ਹੈ ਮੁੜ ਪ੍ਰਭਾਸ਼ਿਤ !

**ਮਰਦ ਸੂਤਰਧਾਰ:** ਇਨ੍ਹਾਂ ਵਿੱਚ ਹੁਣ ਸ਼ਾਮਲ ਨੇ 17 ਟਚਿ ਜਿਨ੍ਹਾਂ ਦੀ ਪੂਰਤੀ ਵਾਸਤੇ ਸਮਾ ਸੀਮਾ ਹੈ 2030 ਦੀ ! ਇਸਦੀ ਪੂਰਤੀ ਲਈ ਸਬੰਧਤ ਧਿਰਾਂ ਦੀ ਸਰਗਰਮ ਸ਼ਮੂਲੀਅਤ ਨਾਲ ਇੱਛਤ ਬਦਲਾਅ ਵਾਸਤੇ ਕਾਰਜਸ਼ੀਲਤਾ ਸਿਰਜਨਾ ਤੇ ਉਸ ਨੂੰ ਚਾਲੂ ਰੱਖਣਾ ਜਰੂਰੀ ਹੈ !

**ਔਰਤ ਸੂਤਰਧਾਰ:** ਟਿਕਾਊ ਵਿਕਾਸ ਦੇ ਸੇਧ ਦਸਤਾਵੇਜ ਵਿੱਚ ਸ਼ਾਮਲ ਟੀਚਾ ਨੰਬਰ 4 ਸਬੰਧਤ ਹੈ ਸੱਭ ਵਾਸਤੇ ਇਕਸਾਰ ਗੁਣਵਤਾ ਭਰਪੂਰ ਸਿਖਿਆ ਦੇਣਾ ਅਤੇ ਤਾ ਜਿੰਦਗੀ ਵਾਸਤੇ ਸਿੱਖਦੇ ਰਹਿਣ ਦੇ ਮੌਕੇ ਉਪਲਬਧ ਕਰਵਾਉਣਾ ! ਇਹ ਲੜੀਵਾਰ ਵੀ ਇਸੇ ਦਿਸ਼ਾ ਵਿੱਚ ਇੱਕ ਪੁਲਾਂਘ ਹੈ !

**ਮਰਦ ਸੂਤਰਧਾਰ:** ਟਿਕਾਊ ਵਿਕਾਸ ਦੇ ਟੀਚਿਆਂ ਨੂੰ ਲਾਗੂ ਕਰਨ ਵਾਸਤੇ ਨੀਤੀ ਅਣੋਗ ਵੀ ਯਤਨਸ਼ੀਲ ਤੇ ਸਰਗਰਮ ਹੈ !

**ਔਰਤ ਸੂਤਰਧਾਰ:** ਉਦਯੋਗਿਕ ਕਰਾਂਤੀ ਤੇ ਟਿਕਾਊਪਨ ਦੀ ਜਦ ਅਸੀਂ ਗੱਲ ਕਰਦੇ ਹਾਂ ਤਾਂ 18ਵੀਂ ਸਦੀ ਦੀ ਉਦਯੋਗਕ ਕਰਾਂਤੀ ਤੋਂ ਮੌਜੂਦਾ ਉਦਯੋਗਾਂ ਤੱਕ ਦੀਆਂ ਖਾਮੀਆਂ ਨਜ਼ਰ ਆ ਜਾਂਦੀਆਂ ਹਨ !

**ਮਰਦ ਸੂਤਰਧਾਰ:** ਵਧਦੀ ਆਬਾਦੀ ਦੀ ਵਧਦੀ ਮੰਗ ਕਾਰਨ ਵੱਡੇ ਪੱਧਰ ‘ਤੇ ਉਤਪਾਦਨ ਦੇ ਦਬਾਅ ਕਾਰਨ ਪਰਿਆਵਰਣ ‘ਤੇ ਮਾੜਾ ਪ੍ਰਭਾਵ ਪੈਂਦਾ ਹੈ । ਅਸੀਂ ਟਿਕਾਊ ਵਿਕਾਸ ਦੇ ਰਸਤੇ ਤੇ ਚਲਦੇ ਹੋਏ ਵੀ ਉਦਯੋਗਾਂ ਰਾਹੀਂ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਕਰ ਸਕਦੇ ਹਾਂ ।

**ਔਰਤ ਸੂਤਰਧਾਰ:** ਨਵੀਂਆਂ ਕਾਢਾਂ ਤੇ ਨਵੇਂ ਅਮਲਾਂ ਰਾਹੀਂ ਪਿੰਡ ਵਿੱਚ ਹੀ ਸਾਰੀਆਂ ਜਰੂਰਤਾਂ ਪੂਰੀਆਂ ਕਰਨ ਵਾਲੀਆਂ ਸਿਲੇਜ ਵਰਗੀਆਂ ਨਵੀਆਂ ਧਾਰਨਾਵਾਂ ਸਾਡਾ ਸਹਾਰਾ ਹੋ ਸਕਦੀਆਂ ਹਨ ! ਪਰ ਇਸ ਵਾਸਤੇ ਸਾਨੂੰ ਛੋਟਾ ਹੀ ਸੁੰਦਰ ਹੈ, ਦੀ ਧਾਰਨਾ ਅਪਣਾਉਣੀ ਪਵੇਗੀ !

**ਮਰਦ ਸੂਤਰਧਾਰ:** ਮੌਜੂਦਾ ਵਿਕਾਸ ਦੇ ਮਾਡਲ ਨੇ ਵਿਗਿਆਨ ਤੇ ਤਕਨਾਲੋਜੀ ਨੂੰ ਸਾਡੀਆਂ ਸੀਮਤ ਲੋੜਾਂ ਦੇ ਮੁਕਾਬਲੇ ਖਪਤਵਾਦ ਵਧਾ ਕੇ ਕੁਦਰਤੀ ਸ੍ਰੋਤਾਂ ਦੀ ਬਰਬਾਦੀ ਵਾਸਤੇ ਵਰਤਿਆ ਹੈ ! ਵਧਦੇ ਸ਼ਹਿਰੀਕਰਨ ਨੇ ਵਧਾਈਆਂ ਨੇ ਸ਼ਹਿਰੀ ਤੇ ਪੇਂਡੂ ਗਰੀਬਾਂ ਦੀਆਂ ਸਮੱਸਿਆਵਾਂ !

**ਔਰਤ ਸੂਤਰਧਾਰ:** ਵਿਸ਼ਵ ਪੱਧਰ ‘ਤੇ ਸ੍ਰੋਤਾਂ ਦੀ ਖਪਤ ਵਿੱਚ ਨਾ ਬਰਾਬਰੀ ਹੈ । ਅਮੀਰ ਪਰਿਵਾਰਾਂ ਤੇ ਅਮੀਰ ਦੇਸਾਂ ਵੱਲੋਂ ਅੰਧਾਧੁੰਦ ਦੋਹਣ ਕੀਤਾ ਜਾ ਰਿਹਾ ਹੈ ਜਦ ਕਿ ਸਰਬੱਤ ਦੇ ਭਲੇ ਵਾਸਤੇ ਲੋੜ ਹੈ ਸਮਝਦਾਰੀ ਵਾਲੇ ਟਿਕਾਊ ਵਿਕਾਸ ਅਮਲਾਂ ਦੀ!

**ਮਰਦ ਸੂਤਰਧਾਰ:** ਅੰਤਰ ਰਾਸਟਰੀ ਪੱਧਰ ‘ਤੇ ਹੌਲੀ ਹੌਲੀ ਸਮਝ ਬਣ ਰਹੀ ਹੈ ਕਿ ਟਿਕਾਊਪਨ ਦੇ ਮੁਦਿਆਂ ਨੂੰ ਕੇਂਦ੍ਰਤ ਕਰਨ ਵਾਸਤੇ ਲੋੜ ਹੈ, ਅੰਤਰ ਰਾਸਟਰੀ ਸਹਿਯੋਗ ਦੀ । ਧਰਤੀ ਦੇ ਪਰਿਆਵਰਣੀ , ਸਮਾਜਕ ਤੇ ਆਰਥਕ ਮੁੱਦਿਆਂ ਨੂੰ ਸਮੁੱਚੇ ਰੂਪ ਵਿੱਚ ਵੇਖਕੇ ਵੱਡੀ ਤਸਵੀਰ ਧਿਆਨ ਵਿੱਚ ਰੱਖਣੀ ਜਰੂਰੀ ਹੈ ।

**ਔਰਤ ਸੂਤਰਧਾਰ:** ਸਾਨੂੰ ਜਾਗਰੂਕ ਹੋਣ ਦੀ ਲੋੜ ਹੈ ਕਿ ਸੰਸਾਰ ਪੱਧਰ ‘ਤੇ ਸਾਵਾਂ ਵਿਕਾਸ ਜਰੂਰੀ ਹੈ ਤਾਕਿ ਵਿਕਾਸ ਵਿੱਚ ਪਛੜੇ ਦੂਜਿਆਂ ਨੂੰ ਵੀ ਪਿੱਛੇ ਨਾ ਖਿੱਚ ਲੈਣ। ਸ੍ਰੋਤਾਂ ਦਾ ਹਿੱਸਾ ਵੀ ਬਰਾਬਰ ਹੋਵੇ ਤੇ ਧਰਤੀ ਵੱਲ ਜਿੰਮੇਵਾਰੀ ਵੀ ਸਾਰੇ ਇਕਸਾਰ ਹੀ ਓਟਨ ! ਸੰਸਾਰ ਵਿੱਚ ਸਹਿਮਤੀ ਵਾਲੇ ਮੁੱਦੇ ਅਤੇ ਟੀਚਿਆਂ ਤੇ ਵੀ ਧਿਆਨ ਕੇਂਦ੍ਰਤ ਕਰਨ ਦੀ ਲੋੜ ਹੈ ।

**ਮਰਦ ਸੂਤਰਧਾਰ:** ਅੱਜ ਲੋੜ ਹੈ ਵਿਕਾਸ ਦੇ ਅਜਿਹੇ ਰਸਤੇ ਦੀ ਜਿਸ ਵਿੱਚ ਪਰਿਆਵਰਣ ਦਾ ਅਤੇ ਚੁਗਿਰਦੇ ਦਾ ਰੱਖਿਆ ਜਾਵੇ ਧਿਆਨ ! ਇਨ੍ਹਾਂਨੂੰ ਖਰਾਬ ਕਰੇ ਬਿਨਾ, ਸਾਡੇ ਰੈਣ ਬਸੇਰਿਆਂ ਤੇ ਸਾਡੀ ਧਰਤੀ ਮਾਂ ਨੂੰ ਬਰਬਾਦ ਕੀਤੇ ਬਿਨਾ, ਵਿਕਾਸ ਦੇ ਅਗਾਂਹ ਵਧੂ ਰਾਹ ਵੱਲ ਫੇਰ ਮੁੜਨ ਦੀ ਲੋੜ ਹੈ !

**ਔਰਤ ਸੂਤਰਧਾਰ:** ਅੱਜ ਲੋੜ ਹੈ ਮੌਜੂਦਾ ਵਿਕਾਸ ਮਾਡਲ ਦੀਆਂ ਅੰਦਰੂਨੀ ਖਾਮੀਆਂ 'ਤੇ ਨਵੀਂ ਨਜ਼ਰ, ਨਵੀਂ ਸੋਚ, ਨਵੀਆਂ ਕਾਢਾਂ ਤੇ ਨਵੇਂ ਵਿਚਾਰਾਂ ਦੀ !

**ਮਰਦ ਸੂਤਰਧਾਰ:** ਲੋੜ ਹੈ ਪਿੱਛਲ ਝਾਤ ਨਾਲ ਕੁਦਰਤ ਦੇ ਮੁੱਖ ਘਟਕਾਂ ਨੂੰ ਸਮਝ ਕੇ ਖੇਤੀਬਾੜੀ ਤੇ ਤਕਨੀਕ ਨੂੰ ਵੱਧ ਤੋਂ ਵੱਧ ਰੁਜਗਾਰ ਵਾਸਤੇ ਵਰਤਨ ਦੀ !

**ਔਰਤ ਸੂਤਰਧਾਰ:** ਅੱਜ ਲੋੜ ਹੈ ਟਿਕਾਊ ਦੇ ਵੱਖ-ਵੱਖ ਪਹਿਲੂਆਂ ਅਤੇ ਜੁਦਾ ਜੁਦਾ ਘਟਕਾਂ ਜਿਵੇਂ ਕਿ ਪਾਣੀ, ਊਰਜਾ, ਆਫਤ ਪ੍ਰਬੰਧਨ, ਜੈਵਿਕ ਖੇਤੀ, ਸਮਾਰਟ ਸ਼ਹਿਰ, ਤੇ ਬਿਮਾਰੀਆਂ ਤੋਂ ਬਚਾਅ ਆਦਿ ਬਾਬਤ ਵਾਰਤਾਲਾਪ ਦੀ ਤੇ ਸਮਝਣ ਦੀ ।

**ਮਰਦ ਸੂਤਰਧਾਰ:** ਲੋੜ ਹੈ ਪਥਰਾਹਟੀ ਈਂਧਣਾਂ ਦੇ ਬਲਣ ਨਾਲ ਪਰਿਆਵਰਣ ਤੇ ਪੈਂਦੇ ਦੂਰ-ਪ੍ਰਭਾਵਾਂ ਨੂੰ ਸਮਝਣ ਦੀ , ਇਨ੍ਹਾਂ ਦੀ ਖਪਤ ਨੂੰ ਘਟਾਉਣ ਦੀ !

**ਔਰਤ ਸੂਤਰਧਾਰ:** ਊਰਜਾ ਦਾ ਮਹੱਤਵਪੂਰਨ ਸ੍ਰੋਤ ਨੇ ਤਿੰਨ ਪ੍ਰਕਾਰ ਦੇ ਪਥਰਾਹਟੀ ਬਾਲਣ, ਕੋਲਾ, ਤੇਲ ਤੇ ਕੁਦਰਤੀ ਗੈਸ! ਪੈਟਰੋਲ ਦੀ ਹੈ ਇਨ੍ਹਾਂ ਵਿੱਚ ਸਰਦਾਰੀ ! ਇੱਕ ਸਮੇ ਇਹ ਸ੍ਰੋਤ ਲੱਗਦੇ ਸਨ ਅਮੁੱਕ ਧਰਤੀ ਦੀ ਸਤਾਹ ਦੇ ਵਿੱਚ !

**ਮਰਦ ਸੂਤਰਧਾਰ:** ਪਰ ਹੁਣ ਵਧਦੇ ਬੇਲੋੜੇ ਖਪਤਵਾਦ ਦੀ ਬਦੌਲਤ ਘੱਟ ਰਹੇ ਨੇ ਇਹ ਤੇਜੀ ਨਾਲ ! ਇਨ੍ਹਾਂ ਨੂੰ ਬਚਾਉਣ ਲਈ ਲੋੜ ਹੈ ਇਨ੍ਹਾਂ ਦੀ ਊਰਜਾ ਸ੍ਰੋਤਾਂ ਵਜੋਂ ਕੁਸ਼ਲ ਅਤੇ ਤਰਕਸੰਗਤ ਵਰਤੋਂ ਇਨ੍ਹਾਂ ਦਾ ਸੁਰੱਖਿਅਣ ਹੈ ਇਸ ਕੋਸ਼ਿਸ਼ ਵਿੱਚ ਪਹਿਲਾ ਕਦਮ !

**ਔਰਤ ਸੂਤਰਧਾਰ:** ਭਾਰਤ ਵਿਚ ਊਰਜਾ ਸੁਰੱਖਿਅਣ ਦੀਆਂ ਮਹੱਤਵਪੂਰਨ ਉਦਾਹਰਨਾਂ ਵਿੱਚ ਸ਼ਾਮਲ ਨੇ ਨਵਿਆਉਣਯੋਗ ਊਰਜਾ ਸ੍ਰੋਤਾਂ ਦੀ ਵੱਧ ਤੋਂ ਵੱਧ ਵਰਤੋਂ ਵੱਲ ਕਦਮ ! ਗਲੋਬਲ ਊਰਜਾ ਵਿਚ ਨਵਿਆਉਣਯੋਗ ਊਰਜਾ ਦਾ ਵਧ ਰਿਹਾ ਹੈ ਅਨੁਪਾਤ !

**ਮਰਦ ਸੂਤਰਧਾਰ:** ਸੁਨਹਿਰੇ ਭਵਿਖ ਵੱਲ ਕਦਮ ਉਠਾਉਣ ਵਾਸਤੇ ਲੋੜ ਹੈ ਕਾਰਬਨ ਫੁੱਟ ਪ੍ਰਿੰਟਸ ਨੂੰ ਘਟਾਉਣ ਦੀ !

**ਔਰਤ ਸੂਤਰਧਾਰ:** ਊਰਜਾ ਕੁਸ਼ਲਤਾ ਵਧਾਉਣਾ ਹੈ ਅਹਿਮ ! ਊਰਜਾ ਸੰਕਟ ਕਾਰਨ ਰੋਜਾਨਾ ਜੀਵਣ ਵਿੱਚ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਦੇ ਉਪਾਅ ਵਜੋਂ ! ਸਮੂਹਿਕ ਪੱਧਰ 'ਤੇ ਵੀ ਊਰਜਾ ਕੁਸ਼ਲਤਾ ਵਧਾਉਣ ਲਈ ਕੋਸ਼ਿਸ਼ਾਂ ਨੇ ਮਹੱਤਵਪੂਰਨ!

**ਮਰਦ ਸੂਤਰਧਾਰ:** ਊਰਜਾ ਕੁਸ਼ਲਤਾ ਵਧਾਊ ਰਾਸਟਰੀ ਮਿਸ਼ਨ ਵੱਲੋਂ ਊਰਜਾ ਵਰਤੋਂ ਦੀ ਸਾਫ ਸੁਥਰੀ ਵਿਧੀ ਰਾਹੀਂ ਹੋ ਰਹੀਆਂ ਨੇ ਕੋਸ਼ਿਸ਼ਾਂ ਊਰਜਾ ਬਚਾਉਣ ਦੀਆਂ ਦੇਸ਼ ਭਰ ਵਿੱਚ ਸਰਕਾਰ ਤੇ ਗੈਰ ਸਰਕਾਰੀ ਸੰਸਥਾਵਾਂ ਦੇ ਸਹਿਯੋਗ ਨਾਲ !

**ਔਰਤ ਸੂਤਰਧਾਰ:** ਲੋੜ ਹੈ , ਭਿੰਨ- ਭਿੰਨ ਪ੍ਰਕਾਰ ਦੀ ਊਰਜਾ ਦੀ ਖਪਤ ਦੇ ਟਿਕਾਊ ਤਰੀਕੇ ਵਰਤਨ ਦੀ ਅਤੇ ਇਸ ਦਿਸ਼ਾ ਵਿੱਚ ਨਵੀਂਆਂ ਕਾਢਾਂ ਤੇ ਨਵੇਂ ਅਮਲਾਂ ਦੀ ਵੀ !

**ਮਰਦ ਸੂਤਰਧਾਰ:** ਜਰੂਰੀ ਹੈ ਹਰ ਇੱਕ ਨੂੰ ਆਧੁਨਿਕ ਊਰਜਾ ਦੀ ਉਪਲਬਧਤਾ ! ਹਰ ਨਾਗਰਿਕ, ਪੇਂਡੂ ਜਾ ਸ਼ਹਿਰੀ, ਨਗਰਾਂ ਜਾ ਪਿੰਡਾਂ ਵਿੱਚ ਜਾਂ ਜੰਗਲਾਂ ਵਿੱਚ ਰਹਿੰਦੇ ਕਬਾਇਲੀ ਲੋਕਾਂ ਨੂੰ ਵੀ ਲੋੜ ਹੈ ਹਰਿਤ ਊਰਜਾ ਉਪਲਬਧ ਕਰਵਾਉਣ ਦੀ !

**ਔਰਤ ਸੂਤਰਧਾਰ:** ਮਨੁਖਤਾ ਨੂੰ ਪ੍ਰਣਾਏ ਹੋਏ ਵਿਗਿਆਨੀ ਹੀ ਸਹੀ ਮਾਹਨਿਆਂ ਵਿੱਚ ਵਿਗਿਆਨੀ ਹਨ ਜਿਹੜੇ ਕਰ ਰਹੇ ਨੇ ਕੰਮ ਦੂਰ ਦੁਰਾਡੇ ਇਲਾਕਿਆਂ ਤੇ ਜੰਗਲਾਂ ਵਿੱਚ, ਊਰਜਾ ਦੀ ਉਪਲਬਧਤਾ ਦੀ ਸਮੱਸਿਆ ਦੇ ਸਮਾਧਾਨ ਵੱਲ !

**ਮਰਦ ਸੂਤਰਧਾਰ:** ਵਿਗਿਆਨ ਤੇ ਉਦਯੋਗਿਕ ਖੋਜ ਕੌਂਸਲ ਤਹਿਤ ਕੰਮ ਕਰਦੀ ਰਾਸਟਰੀ ਭੌਤਿਕ ਪ੍ਰਯੋਗਸ਼ਾਲਾ ਦੇ ਵਿਗਿਆਨੀਆਂ ਨੇ ਤਿਆਰ ਕਰਕੇ ਪੇਟੈਂਟ ਕਰਵਾਇਆ ਹੈ ਭਾਰਤ ਵਿੱਚ ਦੁਨੀਆ ਦਾ ਸੱਭ ਤੋਂ ਪਹਿਲਾ ਹਾਈਡਰੋ ਇਲੈਕਟਰਿਕ ਸੈੱਲ ! ਇਹ ਹੈ

ਇੱਕ ਕਦਮ 'ਆਧੁਨਿਕ ਊਰਜਾ ਸੱਭ ਦਾ ਹੱਕ' ਦੀ ਪੂਰਤੀ ਵੱਲ !

**ਔਰਤ ਸੂਤਰਧਾਰ:** ਡਾ. ਆਰ ਕੇ ਕੋਟਨਾਲਾ ਤੇ ਡਾ. ਜੋਤੀ ਸ਼ਾਹ ਵੱਲੋਂ ਨੈਨੋ ਵਿਗਿਆਨ 'ਤੇ ਅਧਾਰਤ, ਅਤਿ ਸੂਖਮ ਸਮਗਰੀਆਂ ਦੀ ਵਰਤੋਂ ਨਾਲ ਤਿਆਰ ਕੀਤਾ ਇਹ ਸੈੱਲ ਪਾਣੀ ਨੂੰ ਤੋੜ ਕੇ ਹਾਈਡਰੋਜਨ ਕਰਦਾ ਹੈ ਪੈਦਾ ਤੇ ਇੱਕ ਚੁਥਾਈ ਐਮਪੀਅਰ ਬਿਜਲੀ ਕਰੀਬ ਇੱਕ ਵੋਲਟ ਤਾਕਤ 'ਤੇ ਤਿਆਰ ਕਰ ਦਿੰਦਾ ਹੈ ।

**ਮਰਦ ਸੂਤਰਧਾਰ:** ਬਿਨਾ ਕਿਸੇ ਤਾਰ ਜਾ ਬਹੁਤ ਮਹਿੰਗੀ ਸਮੱਗਰੀ ਦੇ ਇਹ ਸੈੱਲ ਮੋਬਾਈਲ ਫੋਨ ਚਾਰਜ ਕਰ ਸਕਦਾ ਹੈ , ਇੱਕ ਵਾਟ ਦੀ ਐਲ ਈ ਡੀ ਲਾਈਟ ਨੂੰ ਇੱਕ ਹਫਤਾ ਚਲਾ ਸਕਦਾ ਹੈ । ਦੂਰ ਦੁਰਾਡੇ ਦੁਰਗਮ ਖੇਤਰਾਂ ਵਿੱਚ ਹਰਿਤ ਊਰਜਾ ਦੇਣ ਵਾਸਤੇ ਇਹ ਇੱਕ ਵੱਡੀ ਪੁਲਾਂਘ ਸਸਤੀ ਹੈ ਸੌਰ ਊਰਜਾ ਨਾਲੋਂ, ਇਹ ਹੈ ਹਰਿਤ ਊਰਜਾ ਸੱਭ ਵਾਸਤੇ ਦੀ ਭਵਿਖ ਦੀ ਉਮੀਦ !

**ਔਰਤ ਸੂਤਰਧਾਰ:** ਊਰਜਾ ਨੂੰ ਅਜਾਈਂ ਗੁਆਉਣ ਤੋਂ ਬਚਾਉਣ ਵਾਸਤੇ ਰੋਜਾਨਾ ਜੀਵਣ ਵਿੱਚ ਊਰਜਾ ਦੀ ਖਪਤ ਘਟਾ ਕੇ ਊਰਜਾ ਬਚਾਓ ਅਮਲਾਂ 'ਤੇ ਚੱਲਣ ਦੀ ਲੋੜ ਹੈ! ਸ਼ਹਿਰੀ,ਪੜੇ ਲਿਖੇ ਲੋਕ, ਅਮੀਰ ਤੇ ਨਵ ਅਮੀਰ ਵੀ ਊਰਜਾ ਨੂੰ ਕਰਦੇ ਹਨ ਜਾਇਆ ।

**ਮਰਦ ਸੂਤਰਧਾਰ:** ਗੈਰ ਸਰਕਾਰੀ ਸੰਗਠਨਾਂ ਦੇ ਕੰਮ ਢੰਗ ਵਿੱਚ ਬਦਲਾਅ ਰਾਹੀਂ ਊਰਜਾ ਬੱਚਤ ਬਾਬਤ ਸ਼ਹਿਰੀ ਲੋਕਾਂ ਨੂੰ ਜਾਗਰੂਕ ਕਰਨ ਦੀ ਵੀ ਲੋੜ ਹੈ । ਭਾਰਤ ਸਰਕਾਰ ਉਜਾਲਾ ਸਕੀਮ ਤਹਿਤ ਐਲ ਈ ਡੀ ਬਲਬ ਵੰਡ ਕੇ ਊਰਜਾ ਬਚਾ ਰਹੀ ਹੈ !

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

**ਦ੍ਰਿਸ਼ -ਦੂਜਾ**
**ਤਲਾਬ ਕਿਨਾਰੇ ਚਰਚਾ**

**ਔਰਤ ਸੂਤਰਧਾਰ:** ਪਾਣੀ ਮਨਮੋਹਕ ਤੇ ਨਵੇਕਲਾ ਰਸਾਇਣ ਹੈ ਜੋ ਧਰਤੀ ਉਤੇ ਜੀਵਣ ਦੇ ਵਿਕਾਸ ਤੇ ਜੀਵਣ ਦੀ ਹੋਂਦ ਲਈ ਅਹਿਮ ਹੈ ।ਪਾਣੀ ਦੇ ਵਿਸ਼ੇਸ਼ ਗੁਣ ਨੇ, ਪਾਣੀ ਦੀ ਘੋਲਣ ਸਮਰਥਾ, ਹਾਈਡਰੋਜਨ ਬੰਧਨ, ਉਸ ਦੀਆਂ ਭਿੰਨ-ਭਿੰਨ ਅਵਸਥਾਵਾਂ !

**ਮਰਦ ਸੂਤਰਧਾਰ:** ਪਾਣੀ ਪਰਬੰਧਨ ਤੇ ਪਾਣੀ ਦੇ ਸੁਰੱਖਿਅਣ ਬਾਬਤ ਮੁਹਿੰਮਾਂ ਗੈਰ ਸਰਕਾਰੀ ਸੰਸਥਾਵਾਂ ਵੀ ਚਲਾਉਂਦੀਆਂ ਹਨ !

**ਔਰਤ ਸੂਤਰਧਾਰ:** ਸਾਫ ਪਾਣੀ ਦੇ ਵੱਖ ਵੱਖ ਪੱਖਾਂ ਦੀ ਤੇ ਪਾਣੀ ਸਾਫ ਕਰਨ ਦੀਆਂ ਰਵਾਇਤੀ ਵਿਧੀਆਂ ਦੇ ਨਾਲ -ਨਾਲ ਉਨ੍ਹਾਂ ਦੀ ਸਾਰਥਕਤਾ ਬਾਬਤ ਜਾਣਕਾਰੀ ਲੈਣ ਦੀ ਲੋੜ ਹੈ !

**ਮਰਦ ਸੂਤਰਧਾਰ:** ਪਾਣੀ ਪ੍ਰਦੂਸ਼ਨ ਨੂੰ ਸਮਝਣ ਦੇ ਲਈ ਸਾਫ ਪਾਣੀ ਦੇ ਨਿਰਧਾਰਤ ਮਾਪ-ਦੰਡਾਂ ਦੀ ਜਾਣਕਾਰੀ ਅਤੇ ਪਾਣੀ ਨੂੰ ਸਾਫ ਕਰਨ ਦੀਆਂ ਭਿੰਨ-ਭਿੰਨ ਤਕਨੀਕਾਂ ਦੀ ਵੀ ਜਾਣਕਾਰੀ ਜਰੂਰੀ ਹੈ ।

**ਔਰਤ ਸੂਤਰਧਾਰ:** ਪੀਣ ਵਾਲੇ ਪਾਣੀ ਦੀ ਉਪਲਬਤਾ ਨੂੰ ਸਮਝਣਾ ਵੀ ਜਲ ਸਾਖਰਤਾ ਦਾ ਅਹਿਮ ਅੰਗ ਹੈ ।ਸਫਾਈ ਵਿਵਸਥਾ ਵਿਚ ਸੁਧਾਰ ਦੀ ਤੇ ਪਾਣੀ ਦੀ ਸਫਾਈ ਦੀ ਲੋੜ ਨੂੰ ਸਮਝਣਾ ਵੀ ਜਲ ਸਾਖਰਤਾ ਹੀ ਹੈ !

**ਮਰਦ ਸੂਤਰਧਾਰ:** ਪਾਣੀ ਦੀ ਸਫਾਈ ਅਤੇ ਸਵੱਛਤਾ ਨਾਲ ਸਬੰਧਤ ਚੁਣੌਤੀਆਂ ਨੂੰ ਸਮਝਣਾ ਵੀ ਜਰੂਰੀ ਹੈ ! ਦੇਸ਼ ਭਰ ਵਿਚ ਕਈ ਥਾਂ ਜਲ ਸਾਖਰਤਾ ਦੇ ਮਾਧਿਅਮ ਰਾਹੀਂ ਜਲ ਸੁਰੱਖਿਅਣ ਦੇ ਉਦੇਸ਼ ਨੂੰ ਪ੍ਰਾਪਤ ਵੀ ਕੀਤਾ ਗਿਆ ਹੈ !

**ਔਰਤ ਸੂਤਰਧਾਰ:** ਪਾਣੀ ਦੇ ਭਿੰਨ-ਭਿੰਨ ਸ੍ਰੋਤਾਂ ਵਿੱਚ ਆਖਿਰ ਕਿਥੋਂ ਆਉਂਦਾ ਹੈ ਇਹ ਪਾਣੀ......? ਐਨੇ ਪਾਣੀ ਦੇ ਹੁੰਦੇ -ਸੁੰਦੇ ਇਸਨੂੰ ਬਚਾਉਣ ਦੀ ਚਿੰਤਾ ਕਿਉਂ......?

**ਮਰਦ ਸੂਤਰਧਾਰ:** ਪਾਣੀ ਦੀ ਸੰਭਾਲ- ਕੱਲ੍ਹ ਵਾਸਤੇ ਕਿਉਂ ? ਕੀ ਪਾਣੀ ਹਮੇਸ਼ਾ ਸਾਡੀ ਦੁਨੀਆਂ ਵਿਚ ਰਹੇਗਾ ? ਕੁਝ ਅਜਿਹੇ ਹੀ ਬੁਨਿਆਦੀ ਸਵਾਲਾਂ ਦੇ ਜਵਾਬ ਲੱਭਣ ਦੀ ਹੈ ਲੋੜ ਸਾਨੂੰ ਸੱਭ ਨੂੰ !

**ਔਰਤ ਸੂਤਰਧਾਰ:** ਪਾਣੀ ਦੇ ਭਿੰਨ-ਭਿੰਨ ਸ੍ਰੋਤ ਹੋ ਰਹੇ ਨੇ ਖਤਮ ਤੇਜੀ ਨਾਲ ! ਧਰਤੀ ਹੇਠਲੇ ਪਾਣੀ ਯਾਣੀ ਭੂ-ਜਲ ਦੀ ਵਰਤੋਂ ਤਾਂ ਹੋ ਰਹੀ ਹੈ ਧੜਾ-ਧੜ ਪਰ ਮੁੜ ਭਰਾਈ ‘ਤੇ ਨਹੀਂ ਕੋਈ ਧਿਆਨ !

**ਮਰਦ ਸੂਤਰਧਾਰ:** ਸਾਡੀ ਲੋੜ ਹੈ ਕਿ ਭੂ-ਜਲ ਦੋਹਨ ਨਾ ਕਰੀਏ- ਵਰਤੀਏ ਸੰਭਲ ਕੇ , ਨਹੀਂ ਤਾਂ ਇੱਕ ਦਿਨ ਇਹ ਸ੍ਰੋਤ ਮੁੱਕ ਜਾਵੇਗਾ! ਭੂ-ਜਲ ਦੇ ਬੇਤਹਾਸ਼ਾ ਦੋਹਨ ਕਾਰਨ ਆ ਰਿਹਾ ਹੈ ਸੰਕਟ, ਚਲਿਆ ਗਿਓ ਪਤਾਲ ਨੂੰ ਸਾਡੇ ਪਿੰਡਾਂ ਦਾ ਪਾਣੀ !

**ਔਰਤ ਸੂਤਰਧਾਰ:** ਪਾਣੀ ਦੀ ਸੰਭਾਲ ਵਾਸਤੇ ਮੀਂਹ ਦੇ ਪਾਣੀ ਨੂੰ ਬਚਾਉਣ, ਸਹੇਜਣ ਭੰਡਾਰ ਕਰਨ ਅਤੇ ਇੱਕਠੇ ਕੀਤੇ ਪਾਣੀ ਨੂੰ ਬਾਅਦ ਵਿੱਚ ਵਰਤਨ ਦੀਆਂ ਵੱਖ ਵੱਖ ਵਿਧੀਆਂ ਬਾਬਤ ਜਾਣਨਾ ਜਰੂਰੀ ਹੈ ।

**ਮਰਦ ਸੂਤਰਧਾਰ:** ਮੀਂਹ ਦੇ ਪਾਣੀ ਨੂੰ ਰਲ ਕੇ ਸਹੇਜਣ ਦੀ ਲੋੜ ਹੈ ! ਪਹਾੜਾਂ ਵਿੱਚ ਵੀ ਜਾਂਦਾ ਹੈ ਸਹੇਜਿਆ ਮੀਂਹ ਦਾ ਪਾਣੀ ਤੇ ਕੀਤਾ ਜਾਂਦਾ ਹੈ ਇਸਦਾ ਭੰਡਾਰ! ਪੰਜਾਬ ਵਰਗੇ ਮੈਦਾਨੀ ਇਲਾਕਿਆਂ ਵਿੱਚ ਵੀ ਲੋੜ ਹੈ ਮੀਂਹ ਦੀ ਇਸ ਅਨਮੋਲ ਦਾਤ ਨੂੰ ਸਹੇਜਣ ਤੇ ਭੰਡਾਰਨ ਦੀ !

**ਔਰਤ ਸੂਤਰਧਾਰ:** ਜਲ ਸੁਰੱਖਿਅਣ ਵਾਸਤੇ ਲੋੜ ਹੈ ਪਾਣੀ ਬਚਾਉਣ ਦੀਆਂ ਨਵੀਆਂ ਪਹਿਲਕਦਮੀਆਂ, ਤਕਨਾਲੋਜੀਆਂ, ਸਾਜੋ ਸਮਾਨ ਅਤੇ ਵਿਧੀਆਂ ਬਾਬਤ ਜਾਣਨ ਦੀ !

**ਮਰਦ ਸੂਤਰਧਾਰ:** ਉਹ ਪੱਖ ਜਾਣਨੇ ਵੀ ਨੇ ਜਰੂਰੀ ਜਿਹੜੇ ਹੋ ਸਕਦੇ ਨੇ ਸਹਾਈ ਸਾਡੇ ਵਾਸਤੇ, ਪਾਣੀ ਦੀ ਪੈਦਾ ਹੋ ਰਹੀ ਕਿੱਲਤ ਨੂੰ ਹੱਲ ਕਰਨ ਦੇ ਲਈ ! ਪੰਜਾਬ ਤਾਂ ਰਿਹਾ ਹੈ ਜੂਝ, ਡੂੰਘੇ ਹੁੰਦੇ ਜਾਂਦੇ ਧਰਤੀ ਹੇਠਲੇ ਪਾਣੀ ਦੀ ਗੰਭੀਰ ਸਮੱਸਿਆ ਨਾਲ!

**ਔਰਤ ਸੂਤਰਧਾਰ:** ਕੁਦਰਤੀ ਸੰਸਾਧਨਾਂ ਦੇ ਲਗਾਤਾਰ ਘੱਟਦੇ ਜਾ ਰਹੇ ਹਨ! ਸਾਨੂੰ ਪਤਾਹੀ ਹੈ ਕਿ ਜ਼ਿੰਦਗੀ ਜਿਉਣ ਲਈ ਹਰ ਵਕਤ ਰੋਜਾਨਾ ਵਰਤੋਂ ਦੀਆਂ ਕਈ ਚੀਜਾਂ ਦੀ ਲੋੜ ਪੈਂਦੀ ਹੈ ਜਿਵੇਂ ਹਵਾ, ਪਾਣੀ, ਪੌਦੇ, ਤੇਲ, ਖਾਣ ਦਾ ਸਮਾਨ, ਘਰ !

**ਮਰਦ ਸੂਤਰਧਾਰ:** ਕੁਦਰਤ ਤੋਂ ਮਿਲੀਆਂ, ਜ਼ਰੂਰਤ ਦੀਆਂ ਵਸਤੂਆਂ ਨੇ ਕੁਦਰਤੀ "ਅਮਾਨਤ" ਪਰ ਇਸਦੇ 80% ਨੂੰ ਤਾਂ ਵਰਤ ਲੈਂਦੇ ਨੇ ਕੇਵਲ 20% ਅਮੀਰ ਲੋਕ ਹੀ ਤੇ ਬਾਕੀ ਬਹੁ ਗਿਣਤੀ ਗਰੀਬਾਂ ਨੂੰ ਤਾਂ ਕੇਵਲ 20% ਹਿੱਸੇ ਨਾਲ ਹੀ ਸਾਰਨਾ ਪੈਂਦਾ ਹੈ।

**ਔਰਤ ਸੂਤਰਧਾਰ:** 40% ਗਰੀਬਾਂ ਦੇ ਹਿੱਸੇ ਤਾਂ ਕੇਵਲ 5% ਹੀ ਆਉਂਦੇ ਹਨ ਤੇ 20% ਅਤਿ ਗਰੀਬ ਤਾ ਕਰਦੇ ਨੇ ਗੁਜਾਰਾ ਮਾਤਰ 2% ਨਾਲ ਹੀ !

**ਮਰਦ ਸੂਤਰਧਾਰ:** ਇਨ੍ਹਾਂ ਅੰਕੜਿਆਂ ਤੋਂ ਸਪਸ਼ਟ ਹੈ ਕਿ ਵਧਦੀ ਅਬਾਦੀ ਸੰਸਾਧਨਾਂ ਦੀ ਘਾਟ ਦਾ ਮੁੱਖ ਕਾਰਨ ਨਹੀਂ ਹੈ ਜਿਹੋ ਜਿਹਾ ਕਿ ਸਾਡੇ ਵਿੱਚੋਂ ਬਹੁਤ ਸਾਰੇ ਸੋਚਦੇ ਹਨ ਤੇ ਮੰਨਦੇ ਹਨ।

**ਔਰਤ ਸੂਤਰਧਾਰ:** ਕੁਦਰਤੀ ਸੰਸਾਧਨਾਂ ਤੇ ਵੱਖ-ਵੱਖ ਪਰਿਆਵਰਣੀ ਪ੍ਰਣਾਲੀਆਂ ਦੇ ਪਰਸਿਥਿਤਿਕ ਤੰਤਰਾਂ ਦੇ ਜਾਲ ਸਾਨੂੰ ਉਪਲਬਧ ਕਰਵਾਉਂਦੇ ਨੇ ਸਾਰੀਆਂ ਸੁਵਿਧਾਵਾਂ! ਇਹ ਕੁਦਰਤੀ ਦਾਤਾਂ ਨਹੀਂ ਤੋਲੀਆਂ ਜਾ ਸਕਦੀਆਂ ਪੈਸੇ ਦੀ ਤੱਕੜੀ 'ਤੇ!

**ਮਰਦ ਸੂਤਰਧਾਰ:** ਮਨੁੱਖੀ ਵਰਤੋਂ ਲਈ ਕੁਦਰਤੀ ਦ੍ਰਿਸ਼ਾਂ ਨੂੰ ਬਦਲਣ ਜਾਂ ਮਨੁੱਖੀ-ਮਾਲਕੀ ਵਾਲੀ ਭੂਮੀ 'ਤੇ ਪ੍ਰਬੰਧਨ ਵਿਧੀਆਂ ਨੂੰ ਬਦਲਣ ਵਾਲੀਆਂ ਜ਼ਮੀਨ-ਉਪਯੋਗ ਦੀਆਂ ਗਤੀਵਿਧੀਆਂ ਨੇ ਬਦਲ ਦਿੱਤਾ ਹੈ ਭੂਮੀ ਦੀ ਸਤਹਿ ਦਾ ਇਕ ਵੱਡਾ ਭਾਗ ।

**ਔਰਤ ਸੂਤਰਧਾਰ:** ਉਸ਼ਣਕਟੀਬੰਧੀ ਜੰਗਲਾਂ ਦੀ ਕਟਾਈ ਕਰਕੇ, ਗੁਜ਼ਾਰੇ ਵਾਸਤੇ ਖੇਤੀ ਕਰਕੇ, ਖੇਤੀਯੋਗ ਭੂਮੀ ਤੋਂ ਉਤਪਾਦਨ ਵਧਾਉਣ ਜਾਂ ਸ਼ਹਿਰਾਂ ਦਾ ਵਿਸਤਾਰ ਕਰਦੇ ਹੋਏ, ਦੁਨੀਆਂ ਦੇ ਦ੍ਰਿਸ਼ ਨੂੰ ਬਦਲ ਰਹੇ ਨੇ ਮਨੁੱਖ !

**ਮਰਦ ਸੂਤਰਧਾਰ:** ਭੋਜਨ ਤੇ ਰੇਸ਼ਿਆਂ ਦਾ ਉਤਪਾਦਨ ਤੇ ਵਰਤਮਾਨ ਮਨੁੱਖੀ ਜ਼ਰੂਰਤਾਂ ਦੀ ਪੂਰਤੀ ਲਈ ਕੁਦਰਤੀ ਸਾਧਨ ਗ੍ਰਹਿਣ ਕਰਨ ਤੇ ਜਨਸੰਖਿਆ ਦੇ ਵਾਧੇ ਅਤੇ ਸੀਮਤ ਸਾਧਨਾਂ ਦੇ ਲੋੜੋਂ ਵੱਧ ਦੋਹਣ ਨੇ ਜ਼ਮੀਨ ਦੀ ਗੁਣਵੱਤਾ ਦਿੱਤਾ ਹੈ ਘਟਾ !

**ਔਰਤ ਸੂਤਰਧਾਰ:** ਖੇਤੀ ਖੇਤਰ ਵਿੱਚ ਜ਼ਮੀਨ ਦੀ ਹਾਲਤ ਹੋ ਗਈ ਖਰਾਬ, ਕਿਸਾਨੀ ਫਸ ਗਈ ਸੰਕਟ ਵਿੱਚ, ਟਿਕਾਊ ਵਿਕਾਸ ਦੇ ਨਜ਼ਰੀਏ ਤੋਂ ਇਸ ਸੰਕਟ ਦੇ ਹੱਲ ਵਾਸਤੇ ਲੋੜ ਹੈ ਸਾਡੇ ਵਿਕਾਸ ਦੇ ਮਾਡਲ 'ਤੇ ਚਰਚਾ ਕਰਕੇ ਇਸ ਵਿੱਚ ਮੋੜਾ ਕੱਟਣ ਦੀ !

ਗ੍ਰੀਨ ਹਾਊਸ ਗੈਸਾਂ ਅਤੇ ਉਤਸਰਜਨ ਦਰ ਵਿਚ ਕਮੀ

**ਮਰਦ ਸੂਤਰਧਾਰ:** ਜਲਵਾਯੂ ਪਰਿਵਰਤਨ, ਗ੍ਰੀਨ ਹਾਊਸ ਗੈਸਾਂ ਦਾ ਉਤਸਰਜਨ ਤੇ ਇਸਦੀ ਦਰ ਵਿਚ ਕਮੀ ਟਿਕਾਊ ਵਿਕਾਸ ਲਈ ਸੱਭ ਤੋਂ ਵੱਡੀ ਚੁਨੌਤੀ ਹੈ ! ਇਸ ਉਪਰ ਤੁਰੰਤ ਧਿਆਨ ਦੇਣ ਦੀ ਲੋੜ ਹੈ ।

**ਔਰਤ ਸੂਤਰਧਾਰ:** ਸਾਰੇ ਲੋਕ ਤੇ ਕੌਮਾਂ ਇੱਕੋ ਹੀ ਪਰਿਆਵਰਣ ਵਿੱਚ ਵਿਚਰਦੀਆਂ ਹਨ ! ਵਰਤਮਾਨ ਤੇ ਭਵਿੱਖ ਦੀਆਂ ਨਸਲਾਂ ਦੀ ਭਲਾਈ ਤੇ ਪ੍ਰਫੁੱਲਤਾ ਲਈ ਪਰਿਆਵਰਣੀ ਘੜਮੱਸ ਵੱਲ ਸਾਰੇ ਮੁਲਕਾਂ ਨੂੰ ਇਕੱਲੇ - ਇਕੱਲੇ ਵੀ ਤੇ ਮਿਲ ਕੇ ਵੀ ਮੁਖਾਤਬ ਹੋਣਾ ਜਰੂਰੀ ਹੈ !

**ਮਰਦ ਸੂਤਰਧਾਰ:** ਪਰਿਆਵਰਣੀ ਬਦਲਾਅ ਦੇ ਖਤਰਿਆਂ ਨੂੰ ਰੋਕਨ ਦੇ ਲਈ ਜਰੂਰੀ ਹੈ ਕਿ ਇਸ ਸਮੱਸਿਆ ਦੇ ਵੱਖ-ਵੱਖ ਪਹਿਲੂਆਂ ਦੀ ਨਿਸ਼ਾਨਦੇਹੀ ਕੀਤੀ ਜਾਵੇ ।ਪਰਿਆਵਰਣ ਬਦਲਾਅ ਦੇ ਕਾਰਨ, ਪ੍ਰਭਾਵ ਤੇ ਇਸ ਨਾਲ ਨਜਿੱਠਣ ਦੀ ਤਿਆਰੀ ਬਾਰੇ ਵੱਖ-ਵੱਖ ਪੱਖਾਂ 'ਤੇ ਅਮਲ ਦੀ ਲੋੜ ਹੈ !

**ਔਰਤ ਸੂਤਰਧਾਰ:** ਜਲਵਾਯੂ ਪਰਿਵਰਤਨ ਦੇ ਪ੍ਰਭਾਵ ਸਾਨੂੰ ਦਰਪੇਸ਼ ਨੇ ਕਈ ਰੂਪਾਂ ਵਿੱਚ! ਵੱਧਦੇ ਤਾਪਮਾਨ, ਬਰਫਬਾਰੀ ਤੇ ਵਰਖਾ ਦੀਆਂ ਬਦਲਦੀਆਂ ਵੰਨਗੀਆਂ, ਚਰਮ ਸੀਮਾ ਨੂੰ ਪਹੁੰਚੀਆਂ ਹੋਰ ਜਲਵਾਯੂ ਘਟਨਾਵਾਂ ਜਿਵੇਂ ਕਿ ਭਾਰੀ ਵਰਖਾ, ਝਖੜ ਤੇ ਲਗਾਤਾਰ ਤੇਜੀ ਨਾਲ ਵੱਧਦਾ ਤਾਪਮਾਨ !

**ਮਰਦ ਸੂਤਰਧਾਰ:** ਇਹ ਬਦਲਾਅ ਹੈ ਸਾਡੇ ਵਾਯੂਮੰਡਲ ਵਿੱਚ ਕਾਰਬਨਡਾਈਅਕਸਾਈਡ ਤੇ ਹੋਰ ਹਰਿਤ ਘਰ ਗੈਸਾਂ ਦੀ ਵੱਧਦੀ ਮਾਤਰਾ ਕਰਕੇ ! ਵਧ ਰਹੀ ਹੈ ਜੋ ਊਰਜਾ ਵਾਸਤੇ ਪਥਰਾਹਟੀ ਈਧਣਾਂ ਦੇ ਬਾਲਣ ਵਰਗੀਆਂ ਮਨੁੱਖੀ ਗਤੀਵਿਧੀਆਂ ਕਰਕੇ !

**ਔਰਤ ਸੂਤਰਧਾਰ:** ਹਰਿਤ ਘਰ ਗੈਸਾਂ ਦੀ ਮਾਤਰਾ ਘਟਾਉਣ ਨਾਲ ਘੱਟ ਸਕਦੇ ਨੇ ਜਲਵਾਯੂ ਬਦਲਾਅ ਦੇ ਖਤਰੇ ! ਪ੍ਰਤੀਕਿਰਿਆ ਵਾਸਤੇ ਲੋੜ ਹੈ ਸੁਚੇਤ ਤੇ ਸੂਚਨਾ ਨਾਲ ਲੈਸ ਜਨਤਾ ਦੀ ! ਹਰ ਇੱਕ ਦੀ ਹੈ ਮਹੱਤਵਪੂਰਨ ਭੂਮਿਕਾ !

**ਮਰਦ ਸੂਤਰਧਾਰ:** ਜਲਵਾਯੂ ਬਦਲਾਅ ਹੈ, ਅੰਤਰ ਰਾਸਟਰੀ ਮੁੱਦਾ, ਕੋਸ਼ਿਸ਼ਾਂ ਵੀ ਸੰਸਾਰ ਪੱਧਰ 'ਤੇ ਹੀ ਕਰਨੀਆਂ ਪੈਣਗੀਆਂ ! ਦਰਅਸਲ ਆਲਮੀ ਤਪਸ ਵਾਸਤੇ ਆਲਮੀ ਪ੍ਰਤੀਕਿਰਿਆ ਦੀ ਹੀ ਲੋੜ ਹੈ !

**ਔਰਤ ਸੂਤਰਧਾਰ:** ਪਹਾੜਾਂ ਦੇ ਵਾਤਾਵਰਣੀ ਪ੍ਰਸਿਥਿਤਿਕ ਤੰਤਰ ਦਾ ਸੁਰੱਖਿਅਣ ਹੈ ਜਰੂਰੀ! ਇਸਨੂੰ ਦਰਪੇਸ਼ ਨੇ ਬਹੁਤ ਸਾਰੀਆਂ ਚੁਣੌਤੀਆਂ ! ਉਪਚਾਰ ਵਜੋਂ ਚੁੱਕੇ ਜਾ ਸਕਦੇ ਨੇ ਕਈ ਕਦਮ, ਸਥਾਨਕ ਵਸਨੀਕਾਂ ਦੀ ਸਰਗਰਮ ਸ਼ਮੂਲੀਅਤ ਦੇ ਰਾਹੀਂ !

**ਮਰਦ ਸੂਤਰਧਾਰ:** ਲੋੜ ਹੈ ਪਹਾੜਾਂ ਦੀਆਂ ਧੜਕਣਾਂ ਸੁਣਨ ਦੀ ! ਪਰਬਤਾਂ ਦੇ ਕੁਦਰਤੀ ਤੰਤਰ ਦੇ ਸੁਰੱਖਿਅਣ ਵਾਸਤੇ ਕੀਤੇ ਜਾ ਸਕਦੇ ਹਨ ਬਹੁਤ ਸਾਰੇ ਯਤਨ !

**ਔਰਤ ਸੂਤਰਧਾਰ:** ਪਹਾੜੀ ਇਲਾਕਿਆਂ ਵਿੱਚ ਵਸੀ ਸਮੁਦਾਇ ਦੇ ਟਿਕਾਊ ਵਿਕਾਸ ਲਈ, ਪਰਿਆਵਰਣੀ ਪ੍ਰਸਿਥਿਤਿਕ ਤੰਤਰ ਦੇ ਸੁਰੱਖਿਅਣ ਦੇ ਅਨੁਕੂਲ ਸੈਰ ਸਪਾਟੇ ਦੀਆਂ ਵਿਧੀਆਂ ਦਾ ਅਪਣਾਉਣਾ ਹੈ ਜਰੂਰੀ !

**ਮਰਦ ਸੂਤਰਧਾਰ:** ਸੰਸਾਰ ਵਿੱਚ , ਬ੍ਰਹਿਮੰਡ ਵਿੱਚ ਨੇ ਨਾ-ਨਾ ਪ੍ਰਕਾਰ ਦੇ ਜੀਵ ਜੰਤੂ ਕੀਟ -ਪਤੰਗੇ , ਪੇੜ -ਪੌਦੇ ਘਾਹ ਫੂਸ ! ਭਾਂਤ-ਭਾਂਤ ਦੀ ਇਸ ਬਨਸਪਤੀ ਤੇ ਤਰ੍ਹਾਂ-ਤਰ੍ਹਾਂ ਦੇ ਜੈਵਿਕ ਰੂਪਾਂ ਨੂੰ ਕਹਿੰਦੇ ਜੈਵ ਵੰਨ -ਸੁਵੰਨਤਾ !

**ਔਰਤ ਸੂਤਰਧਾਰ:** ਜੈਵ ਵੰਨ-ਸੁਵੰਨਤਾ ਦੇ ਲਗਾਤਾਰ ਹੋ ਰਹੇ ਸੋਸ਼ਣ ਦੇ ਕਾਰਨ, ਪਰਿਆਵਰਣ 'ਤੇ, ਭੋਜਨ ਲੜੀ 'ਤੇ, ਆਮ ਲੋਕਾਂ 'ਤੇ ਪੈਂਦੇ ਨੇ ਬਹੁਤ ਹੀ ਮਾੜੇ ਪ੍ਰਭਾਵ!ਖੁੱਸ ਜਾਂਦੀ ਰੋਜੀ ਰੋਟੀ, ਵਿਗੜ ਜਾਂਦਾ ਹੈ ਜੀਵਾਂ ਤੇ ਬਨਸਪਤੀ ਦਾ ਜਦ ਕੁਦਰਤੀ ਸੰਤੁਲਨ !

**ਮਰਦ ਸੂਤਰਧਾਰ:** 'ਵੰਨ-ਸੁਵੰਨਤਾ 'ਚ ਹੀ ਹੈ ਸੁੰਦਰਤਾ ! ਲੋੜ ਹੈ ਜੈਵਿਕ ਵੰਨ ਸੁਵੰਨਤਾ ਦੇ ਸੁਰੱਖਿਅਣ ਦੀ ! ਕਰੀਏ ਇਸ ਵਸਤੇ ਉਪਾਅ !

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

## ਦ੍ਰਿਸ਼ -ਤੀਜਾ

## ਮਾਲਵੇ ਦੇ ਇੱਕ ਪਿੰਡ ਵਿੱਚ ਚਰਚਾ

**ਔਰਤ ਸੂਤਰਧਾਰ:** ਸਦਾਬਹਾਰ ਧਰਤੀ 'ਤੇ ਨਿੱਤ ਦਿਨ ਹੋ ਰਿਹਾ ਹੈ ਮਾਰੂਥਲੀਕਰਨ ਯਾਣੀ ਮੁੱਕ ਰਿਹਾ ਹੈ ਪਾਣੀ ਇਸਦਾ ਤੇ ਮੁੱਕ ਰਹੀ ਹੈ ਬਨਸਪਤੀ ! ਹੋ ਰਹੀ ਹੈ ਧਰਤੀ ਬੰਜਰ , ਬੀਆਬਾਨ ਤੇ ਬਦਲ ਰਹੀ ਹੈ ਰੇਤ ਦੇ ਟਿੱਬਿਆਂ ਦੇ ਵਿੱਚ !

**ਮਰਦ ਸੂਤਰਧਾਰ:** ਰੁੱਖਾਂ ਦੀ ਅੰਧਾ -ਧੁੰਦ ਕਟਾਈ, ਪਾਣੀ ਦੀ ਬੇਵਹਾਅ ਵਰਤੋਂ , ਘੱਟਦੀ ਵਰਖਾ , ਧਰਤੀ ਹੇਠਲੇ ਪਾਣੀ ਦਾ ਨੀਵੇਂ ਜਾਂਦੇ ਜਾਣਾ, ਲੱਗ ਗਈਆਂ ਮੱਛੀ ਮੋਟਰਾਂ ! ਬੇਹੱਦ ਚਰਾਈ ਨਾਲ ਨੰਗੇ ਹੋਣਾ ਧਰਤੀ ਦਾ, ਬਣ ਗਿਆ ਹੈ ਆਮ ਵਰਤਾਰਾ !

**ਔਰਤ ਸੂਤਰਧਾਰ:** ਇਸ ਦੇ ਨਤੀਜੇ ਹੋਣਗੇ ਭੋਜਨ ਸਮੱਸਿਆ ਤੇ ਭੋਜਨ ਵਾਸਤੇ ਜੰਗਾਂ! ਜਰੂਰੀ ਹੈ ਇਸਮਾਰੂਥਲੀਕਰਨ ਨੂੰ ਰੋਕਣਾ! ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ‘ਤੇ ਵੀ ਹੋ ਰਹੀਆਂ ਕੋਸ਼ਿਸ਼ਾਂ ਇਸਦੇ ਮੁਕਾਬਲੇ ਵਾਸਤੇ !

**ਮਰਦ ਸੂਤਰਧਾਰ:** ਇਸਨੂੰ ਰੋਕਣ ਵਿਚ ਵਿਅਕਤੀਗਤ ਤੌਰ ‘ਤੇ ਅਸੀਂ ਨਿਭਾ ਸਕਦੇ ਹਾਂ ਆਪਣੀ ਭੂਮਿਕਾ!ਪਾਣੀ ਦੀ ਘੱਟ ਵਰਤੋਂ, ਮੁੜ ਵਰਤੋਂ ਤੇ ਮੁੜ ਭਰਾਈ ਕਰਕੇ ! ਵਰਖਾ ਦੇ ਪਾਣੀ ਨੂੰ ਸਹੇਜ ਕੇ, ਰੁਖਾਂ ਦੀ ਕਟਾਈ ਰੋਕ ਕੇ , ਨਵੇਂ ਪੇੜ ਲਗਾ ਕੇ !

**ਔਰਤ ਸੂਤਰਧਾਰ:** ਟਿਕਾਊ ਖਣਨ ਵਾਸਤੇ ਜਰੂਰੀ ਹੈ ਕਿ ਖਣਨ ਦੇ ਵਾਤਾਵਰਣ ‘ਤੇ ਪੈਂਦੇ ਪ੍ਰਭਾਵਾਂ ਨੂੰ ਸਮਝ ਕੇ ਉਨ੍ਹਾਂ ਪ੍ਰਭਾਵਾਂ ਨੂੰ ਘੱਟ ਕੀਤਾ ਜਾਵੇ !

**ਮਰਦ ਸੂਤਰਧਾਰ:** ਖਣਨ ਦੀ ਮੌਜੂਦਾ ਵਿਧੀ ਦੇ ਨਾਲ ਸਬੰਧਿਤ ਲੋਕਾਂ ‘ਤੇ ਪੈਂਦੇ ਪ੍ਰਭਾਵ ਉਨ੍ਹਾਂ ਨੂੰ ਦਰਪੇਸ਼ ਖਤਰੇ ਤੇ ਕ੍ਰਿਤ ਸ਼ਕਤੀ ਦੀ ਸਿਹਤ ‘ਤੇ ਪੈਂਦੇ ਪ੍ਰਭਾਵ ਅਤੇ ਉਨ੍ਹਾਂ ਨੂੰ ਘਟਾਉਣ ਦੇ ਤੌਰ ਤਰੀਕਿਆਂ ਬਾਬਤ ਵੀ ਜਾਣਕਾਰੀ ਜਰੂਰੀ ਹੈ !

**ਔਰਤ ਸੂਤਰਧਾਰ:** ਇਸ ਕਾਰਜ ਵਾਸਤੇ ਖਾਨਾਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਸਿਹਤ ਸੰਭਾਲ, ਖਨਣ ਬਾਬਤ ਨਵੇਂ ਕਾਨੂੰਨ ਅਤੇ ਟਿਕਾਊ ਖਨਣ ਵਾਸਤੇ ਤਰ੍ਹਾਂ ਦੇ ਖਨਣ ਨੂੰ ਵਾਤਾਵਰਨ ਪੱਖੀ ਬਣਾਉਣਾ ਜਰੂਰੀ ਹੈ !

**ਮਰਦ ਸੂਤਰਧਾਰ:** ਕੁਦਰਤੀ ਦਾਤਾਂ ਵਾਸਤੇ ਸਾਨੂੰ ਕੁਦਰਤ ਦੇ ਧੰਨਵਾਦੀ ਹੋਣਾ ਚਾਹੀਦਾ ਹੈ ! ਹਵਾ, ਪਾਣੀ, ਜੰਗਲ, ਪਹਾੜ, ਬਨਸਪਤੀਆਂ, ਖਣਿਜ, ਨਦੀਆਂ, ਝੀਲਾਂ, ਪੇੜ-ਪੌਦੇ ਤੇ ਜੀਵ-ਜੰਤੂ , ਕੁਦਰਤ ਦੀਆਂ ਨੇ ਸੁਗਾਤਾਂ ਸਾਡੇ ਲਈ...!

**ਔਰਤ ਸੂਤਰਧਾਰ:** ਇਨ੍ਹਾਂ ਦੀ ਵਰਤੋਂ ਜਿੰਮੇਵਾਰੀ ਅਤੇ ਸੁਰੱਖਿਅਣ ਦੀ ਭਾਵਨਾ ਨਾਲ ਕਰਦੇ ਹੋਏ ਇਨ੍ਹਾਂ ਨੂੰ ਫਜੂਲ ਜਾਇਆ ਹੋਣ ਤੋਂ ਬਚਾਉਣਾ ਜਰੂਰੀ ਹੈ !

**ਮਰਦ ਸੂਤਰਧਾਰ:** ਕੱਲ੍ਹ ਦੀ ਫ਼ਿਕਰ ਕਰਦੇ ਹੋਏ ਇਨ੍ਹਾਂ ਸੰਸਾਧਨ ਨੂੰ ਮੁੱਕਣ ਤੋਂ ਬਚਾਉਣਾ ਹੈ ! ਸਾਨੂੰ ਸੋਚਣ ਦੀ ਲੋੜ ਹੈ ਕਿ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਿਉਂਦਾ ਜਾਗਦਾ ਧਰਤ ਗ੍ਰਹਿ ਸੌਂਪੀਏ !

**ਔਰਤ ਸੂਤਰਧਾਰ:** ਲੋੜ ਹੈ ਹੁਣ ਤੋਂ ਹੀ ਸੋਚਨ ਤੇ ਅਮਲ ਕਰਨ ਦੀ ! ਆਪਣੀਆਂ ਲੋੜਾਂ ਘਟਾਈਏ ! ਕੁਦਰਤ ਨਾਲ ਇਕਸੁਰਤਾ ਨਾਲ ਜਿਉਣ ਦੀ ਕੋਸ਼ਿਸ਼ ਕਰੀਏ!

**ਮਰਦ ਸੂਤਰਧਾਰ:** ਕੁਦਰਤੀ ਸ੍ਰੋਤਾਂ ਦੀ ਵਰਤੋਂ ਇਸ ਤਰ੍ਹਾਂ ਕਰੀਏ ਕਿ ਇਨ੍ਹਾਂ ਦੀ ਮੁੜ ਭਰਪਾਈ ਲਈ ਮਾਂ ਕਦਰਤ ਨੂੰ, ਇਹਨਾਂ ਨੂੰ ਪੁਨਰ ਸੁਰਜੀਤ ਕਰਨ ਵਾਸਤੇ ਲੋੜੀਂਦਾ ਵਕਤ ਜਰੂਰ ਮਿਲ ਜਾਵੇ !

**ਔਰਤ ਸੂਤਰਧਾਰ:** ਖੇਤੀ ਵਿਚ ਮੌਜੂਦ ਫ਼ਸਲਾਂ ਦੀ ਵੰਨ ਸੁਵੰਨਤਾ (ਜੈਵ ਵਿਭਿੰਨਤਾ) ਅਤੇ ਸਾਡੇ ਪਸ਼ੂਆਂ ਵਿਚ ਮੌਜੂਦ ਜੈਵ ਵਿਭਿੰਨਤਾ ਟਿਕਾਊ ਵਿਕਾਸ ਵਾਸਤੇ ਨੇ ਮਹੱਤਵਪੂਰਨ! “ਖੇਤੀ ਵੰਨ ਸੁਵੰਨਤਾ ( ਜੈਵ-ਵੀਭੰਨਤਾ) ਟਿਕਾਊ ਹੋਂਦ ਦੀ ਹੈ ਬੁਨਿਆਦ”

**ਮਰਦ ਸੂਤਰਧਾਰ:** ਆਧੁਨਿਕ ਖੇਤੀਬਾੜੀ ਅਮਲਾਂ ਤੇ ਵਰਤਾਰਿਆਂ ਦੀ ਵਰਤੋਂ ਦੇ ਨਾਲ-ਨਾਲ ਰਵਾਇਤੀ ਗਿਆਨ ਪ੍ਰਣਾਲੀ ਦੇ ਖਾਤਮੇ ਦੇ ਨੁਕਸਾਨਾਂ ਨੂੰ ਵੀ ਜਾਣਨਾ ਤੇ ਸਮਝਣਾ ਜਰੂਰੀ ਹੈ !

**ਔਰਤ ਸੂਤਰਧਾਰ:**ਹਰੀ ਕ੍ਰਾਂਤੀ ਦੌਰਾਨ ਅਪਣਾਏ ਗਏ ਖੇਤੀ ਦੇ ਤਰੀਕਿਆਂ ਦੁਆਰਾ ਮਿੱਟੀ ਦੀ ਉਪਜਾਊ ਸ਼ਕਤੀ ਦੇ ਘਟਣ ਅਤੇ ਖਾਣੇ ਦੇ ਵੀ ਦੂਸ਼ਿਤ ਹੋਣ ਦੇ ਨਾਲ ਹੀ ਇਨ੍ਹਾਂ ਦੇ ਵਾਤਾਵਰਨ ‘ਤੇ ਪੈਂਦੇ ਬੁਰੇ ਪ੍ਰਭਾਵਾਂ ‘ਤੇ ਵੀ ਧਿਆਨ ਦੇਣ ਦੀ ਲੋੜ ਹੈ !

**ਮਰਦ ਸੂਤਰਧਾਰ:** ਟਿਕਾਊ ਵਿਕਾਸ ਵਾਸਤੇ ਤੇ ਮਨੁਖ ਦੇ ਟਿਕਾਊ ਜੀਵਣ ਵਾਸਤੇ ਖੇਤੀ ਵਿਭਿੰਨਤਾ ਜਰੂਰੀ ਹੈ ਅਤੇ ਇਸ ਕਾਰਜ ਦੀ ਪੂਰਤੀ ਵਾਸਤੇ ਜਰੂਰੀ ਹੈ ਕਿ ਅਸੀਂ ਪਰਿਆਵਰਣੀ ਪ੍ਰਣਾਲੀ ਦੇ ਅਨੁਕੂਲ ਖੇਤੀ ਤਕਨੀਕਾਂ ਨੂੰ ਅਪਣਾਈਏ !

**ਔਰਤ ਸੂਤਰਧਾਰ:** ਸਾਡੇ ਸ੍ਰੋਤਾਂ ਦੇ ਸੁਰੱਖਿਅਣ ਅਮਲਾਂ ਦੀ ਮਹੱਤਤਾ ਦੇ ਮੱਦੇ ਨਜਰ, ਸਾਨੂੰ ਹਰ ਪੱਧਰ 'ਤੇ ਸੁਰੱਖਿਅਣ ਅਮਲ ਸਿਰਜਨ, ਅਪਣਾਉਣ ਤੇ ਲਾਗੂ ਕਰਨ ਦੀ ਲੋੜ ਹੈ !

**ਮਰਦ ਸੂਤਰਧਾਰ:** ਉਤਪਾਦਨ, ਢੋ-ਢੁਆਈ, ਵੇਚ ਵੱਟਕ ਤੇ ਵਰਤੋਂ ਦੌਰਾਨ, ਸ੍ਰੋਤਾਂ ਦੀ ਬਰਬਾਦੀ ਅਤੇ ਜਾਇਆ ਜਾਣ ਤੋਂ ਰੋਕਣ ਦੇ ਅਮਲਾਂ ਨੂੰ ਵੀ ਅਪਣਾਉਣ ਦੀ ਲੋੜ ਹੈ !

**ਔਰਤ ਸੂਤਰਧਾਰ:** ਟਿਕਾਊ ਵਿਕਾਸ ਦੀ ਪਗਡੰਡੀ 'ਤੇ ਚੱਲਣ ਵਾਸਤੇ ਸਮਾਜਿਕ ਤੇ ਵਿਅਕਤੀਗਤ ਪੱਧਰ ਉੱਤੇ, ਰਾਜ-ਪ੍ਰਬੰਧ ਵਿੱਚ, ਨਿਯਮਾਂ ਕਾਨੂੰਨਾਂ, ਰਸਮੋ ਰਿਵਾਜਾਂ ਤੇ ਉਪਭੋਗਤਾ ਵਿੱਚ ਸੁਰੱਖਿਅਣ ਅਮਲਾਂ ਦੀ ਅਹਿਮ ਲੋੜ ਹੈ !

**ਮਰਦ ਸੂਤਰਧਾਰ:** ਫਸਲਾਂ ਦੇ ਉਤਪਾਦਨ, ਕਟਾਈ, ਭੰਡਾਰਨ, ਕੱਚੇ ਮਾਲ ਵਜੋਂ ਵਰਤੋਂ, ਵੇਚਣਯੋਗ ਵਸਤਾਂ ਬਣਾਉਣ, ਵਿਕਰੀ ਤੇ ਵਰਤੋਂ ਵੇਲੇ ਵੀ ਸੁਰੱਖਿਅਣ ਅਮਲਾਂ ਨੂੰ ਅਪਣਾ ਕੇ ਬਰਬਾਦੀ ਤੋਂ ਤੇ ਅਜਾਈਂ ਜਾਣ ਤੋਂ ਰੋਕਣ ਲੋੜ ਹੈ !

**ਔਰਤ ਸੂਤਰਧਾਰ:** ਕੁਦਰਤ ਦੇ ਨਾਜ਼ੁਕ ਪੱਖਾਂ ਨੂੰ ਵੀ ਜਾਣਨ ਦੀ ਲੋੜ ਹੈ ! ਕਈ ਵਾਰ ਸਾਨੂੰ ਹੜ੍ਹ ਜਾਂ ਫਿਰ ਔੜ ਦੇ ਰੂਪ ਵਿੱਚ ਕੁਦਰਤ ਦੇ ਰੌਦਰ (ਵਿਕਰਾਲ) ਰੂਪ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ !

**ਮਰਦ ਸੂਤਰਧਾਰ:** ਕੁਦਰਤ ਅਤੇ ਵਿਕਾਸ ਦੀ ਰਫਤਾਰ ਵਿੱਚ ਤਾਲ ਮੇਲ ਤੇ ਸੰਤੁਲਨ ਬਣਾ ਕੇ ਰੱਖਣ ਦੀ ਲੋੜ ਹੈ ? ਨਹੀਂ ਤਾਂ ਦਿੱਕਤਾਂ ਪੈਦਾ ਕਰ ਦਿੰਦਾ ਹੈ ਵਿਗੜਿਆ ਮੌਸਮ!

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

## ਦ੍ਰਿਸ਼ -ਤੀਜਾ
## ਸਾਗਰ ਦੇ ਕੰਢੇ ਚਰਚਾ

**ਔਰਤ ਸੂਤਰਧਾਰ:** ਸਮੁੰਦਰਾਂ ਦੀ ਬਹੁ ਰੰਗੀ ਪਰਿਆਵਰਣੀ ਪ੍ਰਣਾਲੀ (ਈਕੋਸਿਸਟਮ) ਮਤਲਬ ਪ੍ਰਸਥਿਤਿਕ ਤੰਤਰ ਦੀ ਅਹਿਮੀਅਤ 'ਤੇ ਧਿਆਨ ਦੇਣ ਦੀ ਲੋੜ ਹੈ! ਮਹਾਂਸਾਗਰਾਂ ਦੇ ਭਿੰਨ-ਭਿੰਨ ਪ੍ਰਸਥਿਤਿਕ ਤੰਤਰ (ਇਕੋਸਿਸਟਮ), ਉਨ੍ਹਾਂ ਦੀ ਬਣਾਵਟ ਅਤੇ ਵੰਨ-ਸੁਵੰਨਤਾਵਾਂ ਦੇ ਨਾਲ ਹੀ ਚਲਦਾ ਹੈ ਸਮੁੰਦਰ ਦਾ ਰੋਮਾਂਚ !

**ਮਰਦ ਸੂਤਰਧਾਰ:** ਮਹਾਂਸਾਗਰਾਂ ਦੀ ਬਹੁ ਰੰਗੀ ਪ੍ਰਣਾਲੀ ਨੂੰ ਦਰਪੇਸ਼ ਚੁਨੌਤੀਆਂ ਦੇ ਕਾਰਨ ਸਮੁੰਦਰ ਅਤੇ ਸਮੁੰਦਰੀ ਜੀਵਾਂ ਦੀ ਹੋਂਦ ਨੂੰ ਹਨ ਬਹੁਤ ਸਾਰੇ ਖ਼ਤਰੇ ! ਇਨ੍ਹਾਂ ਦਾ ਮੁਕਾਬਲਾ ਹੈ ਜਰੂਰੀ !

**ਔਰਤ ਸੂਤਰਧਾਰ:** ਭਾਰਤ ਦੇ ਆਲੇ ਦੁਆਲੇ ਦੇ ਸਮੁੰਦਰਾਂ ਦੀ ਪਰਿਆਵਰਣੀ ਪ੍ਰਣਾਲੀ (ਈਕੋਸਿਸਟਮ) ਨੂੰ ਭਾਰਤੀ ਸਮੁੰਦਰਾਂ ਦੇ ਤਟਾਂ ਤੇ ਘੁੰਮਦੇ ਹੋਏ, ਇਨ੍ਹਾਂ ਦੀਆਂ ਗਹਿਰਾਈਆਂ ਵਿੱਚ ਟੁੱਭੀਆਂ ਲਾਉਂਦੇ ਹੋਏ ਹੀ ਅਸੀਂ ਇਨ੍ਹਾਂ ਵਿੱਚ ਵਸ ਰਹੇ ਜੀਵਣ ਦੀ ਤੇ ਪਰਿਵਰਣੀ ਤੰਤਰ ਦੀ ਥਾਹ ਪਾ ਸਕਦੇ ਹਾਂ !

**ਮਰਦ ਸੂਤਰਧਾਰ:** ਅੱਜ ਸਾਡੀਆਂ ਗਤੀਵਿਧੀਆਂ ਕਾਰਨ ਸਹਿਮਿਆ ਹੋਇਆ ਹੈ ਸਮੁੰਦਰ! ਭਾਰਤੀ ਸਮੁੰਦਰਾਂ ਦੇ ਬਹੁ-ਰੰਗੇ ਪ੍ਰਸਥਿਤਿਕ ਤੰਤਰ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਸਮੁੰਦਰ ਦੀ ਸੰਭਾਲ ਕੀਤੀ ਜਾ ਸਕਦੀ ਹੈ !

**ਔਰਤ ਸੂਤਰਧਾਰ:** ਧਰਤੀ ਉਤੇ ਜੀਵਨਦੀ ਹੋਂਦ ਦੇ ਲਈ ਵੀ ਮਹਾਂਸਾਗਰਾਂ ਨੇ ਮਹੱਤਵਪੂਰਨ ! ਬਹੁਤ ਸਾਰੇ ਨੇ ਤਰੀਕੇ ਜਿਨ੍ਹਾਂ ਨਾਲ ਧਰਤੀ ਉਪਰਲੀ ਜੈਵ-ਵਿਭਿੰਨਤਾ, ਮਨੁੱਖ ਦੇ ਜੀਵਨ ਤੇ ਦੂਸਰੀਆਂ ਕਈ ਗਤੀਵਿਧੀਆਂ ਵਿਚ, ਮਹਾਂਸਾਗਰੀ ਪ੍ਰਸਥਿਤਿਕੀ ਤੰਤਰ ਸਹਾਇਕ ਸਿੱਧ ਹੁੰਦੇ ਹਨ !

**ਮਰਦ ਸੂਤਰਧਾਰ:** ਇਸੇ ਕਰਕੇ ਤਾਂ ਕਹਿੰਦੇ ਨੇ 'ਬਿਨ ਸਾਗਰ ਸਭ ਸੁੰਨ' !

**ਔਰਤ ਸੂਤਰਧਾਰ:** ਮਨੁੱਖ ਦੀ ਨਾ ਸਮਝੀ ਅਤੇ ਕਈ ਕੁਦਰਤੀ ਕਾਰਨਾਂ ਕਰਕੇ ਹੋ ਰਿਹਾ ਹੈ ਬੇਥਾਹ ਨੁਕਸਾਨ ਮਹਾਂਸਾਗਰਾਂ ਅਤੇ ਉਨ੍ਹਾਂ ਦੇ ਪ੍ਰਾਸਥਿਤਿਕ ਤੰਤਰ ਨੂੰ !

**ਮਰਦ ਸੂਤਰਧਾਰ:** ਇਸ ਨੁਕਸਾਨ ਨੂੰ ਰੋਕਣ ਵਾਸਤੇ ਤੇ ਸਾਗਰਾਂ ਨੂੰ ਇਸ ਹੋ ਰਹੀ ਬਰਬਾਦੀ ਤੋਂ ਬਚਾਉਣ ਵਾਸਤੇ ਲੋੜ ਹੈ ਸਮਝਦਾਰੀ ਦੀ ! ਸਮਝਦਾਰੀ ਤੋਂ ਬਿਨਾ ਨਹੀਂ ਬਚਣੇ ਸਾਡੇ ਇਹ ਵੰਨ ਸੁਵੰਨੇ ਸਾਗਰ!

**ਔਰਤ ਸੂਤਰਧਾਰ:** ਵੱਧਦੇ ਹੋਏ ਅੰਦਰੂਨੀ ਤੇ ਬਾਹਰੀ ਪ੍ਰਵਾਸ ਕਾਰਨ ਵੱਧਦੇ ਸ਼ਹਿਰੀਕਰਨ 'ਤੇ, ਫੈਲਦੇ ਸ਼ਹਿਰਾਂ 'ਤੇ ਮਹਾਂ ਨਗਰਾਂ ਦੇ ਵਿਕਸਿਤ ਹੋਣ ਕਰਕੇ, ਊਰਜਾ, ਪਾਣੀ, ਭੋਜਨ, ਪਰਿਵਹਿਣ, ਸਫਾਈ, ਰੁਜਗਾਰ, ਪਰਿਆਵਰਣ, ਵਾਤਾਵਰਣੀ ਪ੍ਰਣਾਲੀ, ਕਿੱਤੇ ਦੀਆਂ ਸੰਭਾਵਨਾਵਾਂ, ਕੁਦਰਤੀ ਪ੍ਰਸਿਥਿਤਿਕ ਤੰਤਰ, ਅਰਥਚਾਰੇ, ਸਭਿਆਚਾਰ, ਸੇਵਾਵਾਂ ਅਤੇ ਸਿਹਤ 'ਤੇ ਪੈਂਦੇ ਨੇ ਗਹਿਰੇ ਪ੍ਰਭਾਵ!

**ਮਰਦ ਸੂਤਰਧਾਰ:** ਸਾਰਿਆਂ ਵਾਸਤੇ ਆਵਾਸ ਉਪਲਬਧ ਕਰਵਾਉਣਾ ਬਣ ਰਹੀ ਹੈ ਸਮੱਸਿਆ ! ਸੰਸਾਰ ਦੀ ਸੰਨ 1800 ਦੀ 2% ਸ਼ਹਿਰੀ ਵਸੋਂ ਅੱਜ ਵਧ ਕੇ ਹੋ ਗਈ ਹੈ ਕਰੀਬ 50% ! ਵਿਕਸਿਤ ਹੋ ਰਹੇ ਮਹਾਂ ਨਗਰਾਂ ਦੀ ਗਿਣਤੀ ਵਧ ਰਹੀ ਹੈ ਤੇਜੀ ਨਾਲ!

**ਔਰਤ ਸੂਤਰਧਾਰ:** ਪੈਂਦੇ ਨੇ ਵੱਡੇ ਪ੍ਰਭਾਵ ਸਾਡੇ ਸ੍ਰੋਤਾਂ ਉਪਰ, ਆਵਸ ਉਪਰ, ਸਰਵਜਨਕ ਸੇਵਾਵਾਂ ਉਪਰ ਤੇ ਮੰਗ ਉਪਰ ! ਇਹ ਸ਼ਹਿਰੀਕਰਨ ਕਰਦਾ ਹੈ ਪ੍ਰਭਾਵਤ ਨੀਤੀਆਂ ਨੂੰ ਅਤੇ ਰਾਜ ਪ੍ਰਣਾਲੀ ਨੂੰ ਵੀ !

**ਮਰਦ ਸੂਤਰਧਾਰ:** ਪੰਜਾਬ ਵਿੱਚ ਵੱਧਦੇ ਸ਼ਹਿਰੀਕਰਨ ਨੇ ਪ੍ਰਭਾਵਤ ਕੀਤਾ ਹੈ ਦਿਹਾਤੀ ਖੇਤਰ ਦੇ ਅਰਥਚਾਰੇ ਨੂੰ ਵੀ ! ਖਤਮ ਹੋ ਰਹੇ ਨੇ ਰੁਜਗਾਰ ਪਿੰਡਾਂ ਵਿੱਚ! ਘਟ ਰਹੀ ਹੈ ਖੇਤੀਯੋਗ ਜ਼ਮੀਨ ਵੀ ! 'ਤੇ ਪੈਂਦੇ ਪ੍ਰਭਾਵਾਂ ਉਪਰ ਵੀ ਚਰਚਾ ਕੀਤੀ ਹੈ !

**ਔਰਤ ਸੂਤਰਧਾਰ:** ਅੱਜ ਲੋੜ ਹੈ ਹਰਿਤ ਭਵਨਾਂ ਦੇ ਦੇ ਨਿਰਮਾਣ ਦੀ! ਹੁੰਦਾ ਹੈ ਉਤਸਰਜਨ, ਕਾਰਬਨ ਡਾਈਅਕਸਾਈਡ ਦਾ ਸੀਮੇਂਟ ਤਿਆਰ ਕਰਨ ਦੀ ਪ੍ਰਕਿਰਿਆ ਦੌਰਾਨ ! ਇਸਦਾ ਹੱਲ ਹੈ ਅਜਿਹਾ ਸੀਮੇਂਟ ਉਤਪਾਦਨ ਜਿਥੇ ਉਤਪਾਦਨ ਪ੍ਰਕਿਰਿਆ ਦੌਰਾਨ ਜਿੰਨੀ ਕਾਰਬਨਡਾਈਅਕਸਾਈਡ ਦਾ ਉਤਸਰਜਨ ਹੁੰਦਾ ਹੈ ਉਸ ਤੋਂ ਵੱਧ ਨੂੰ ਲਵੇ ਇਹ ਸੋਖ!

**ਮਰਦ ਸੂਤਰਧਾਰ:** ਹਰੀ ਇਮਾਰਤਾਂ - ਸਾਡੀ ਵੀ ਨੇ ਜ਼ਿੰਮੇਵਾਰੀ......ਧਰਤੀ ਉਪਰ ਜਿਆਦਾ ਹਰਿਤ ਘਰ ਪ੍ਰਭਾਵ ਗੈਸਾਂ ਛੱਡਣ ਵਾਲੇ ਖਿਤਿਆਂ ਨੂੰ ਘਟਾਉਣ ਦੀ ਅਤੇ ਹਰਿਤ ਸੌਚਾਲਿਆਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਦੀ ਹੈ ਲੋੜ !

**ਔਰਤ ਸੂਤਰਧਾਰ:** ਰੈਣ ਬਸੇਰੇ ਵਾਸਤੇ ਘਰਾਂ ਦੀ ਵੱਧਦੀ ਲੋੜ ਨੇ ਤੋਰਿਆ ਹੈ ਸਾਨੂੰ ਘਰ ਅਤੇ ਹੋਰ ਭਵਨਾਂ ਦੀ ਉਸਾਰੀ ਨੂੰ ਧਰਤੀ 'ਤੇ ਲੇਟਵੇਂ ਰੁਖ ਦੀ ਥਾਂ ਖੜ੍ਹਵੇਂ ਰੁਖ ਮਤਲਬ ਉੱਪਰ ਵੱਲ ਨੂੰ ਬਣਾਉਣ ਵੱਲ !

**ਮਰਦ ਸੂਤਰਧਾਰ:** ਭਵਨ ਨਿਰਮਾਨ ਕਲਾ ਤੇ ਸਮੱਗਰੀ ਵਿੱਚ ਹੋਏ ਹਨ ਬਦਲਾਅ ਸਮੇ ਦੇ ਬੀਤਣ ਦੇ ਨਾਲ ਨਾਲ ! ਮੁੜ ਵਰਤੋਂ ਨਾ ਹੋਣ ਵਾਲੀ ਭਵਨ ਨਿਰਮਾਨ ਸਮੱਗਰੀ ਕਰਦੀ ਹੈ ਸ੍ਰੋਤਾਂ ਨੂੰ ਨਸ਼ਟ ਤੇ ਵਿਅਰਥ ਜਾਂਦੇ ਨੇ ਕੀਮਤੀ ਸ੍ਰੋਤ !

**ਔਰਤ ਸੂਤਰਧਾਰ:** ਲੱਕੜ, ਪੱਥਰ, ਗਾਰਾ, ਮਿੱਟੀ ਤੇ ਸਰੱਕੜਾ ਮੁੜ ਮੁੜ ਕੰਮ ਆ ਜਾਂਦਾ ਸੀ ਪਰ ਕਨਕਰੀਟ ਦੀਆਂ ਇਮਾਰਤਾਂ ਜੋ ਬਣ ਰਹੀਆਂ ਹਨ ਉਨ੍ਹਾਂ ਦੀ ਸਮੱਗਰੀ ਮੁੜ ਵਰਤੋਂ ਵਿੱਚ ਨਹੀਂ ਆਉਂਦੀ ! ਮਲਬੇ ਨਾਲ ਵੀ ਪਰਿਆਵਰਣ ਹੁੰਦਾ ਹੈ ਦੂਸ਼ਿਤ ! ਸੀਮੈਂਟ ਨਿਰਮਾਣ ਵਿੱਚ ਵੀ ਕਾਰਬਨ ਡਾਈਕਅਸਾਈਡ ਦਾ ਹੁੰਦਾ ਹੈ ਉਤਸਰਜਨ !

**ਮਰਦ ਸੂਤਰਧਾਰ:** ਆਧੁਨਿਕ ਭਵਨ ਕਲਾ ਵਿੱਚ ਲੋਹਾ ਹੀ ਇੱਕ ਅਜਿਹੀ ਵਸਤੂ ਹੈ ਜੋ ਮੁੜ ਕੰਮ ਆ ਸਕਦਾ ਹੈ ! ਇਸ ਦੀਆਂ ਵੀ ਨੇ ਸੀਮਾਵਾਂ! ਕੱਚ ਦੀਆਂ ਇਮਰਤਾਂ ਵਿੱਚ ਪੈਂਦੀ ਹੈ ਲੋੜ ਬਹੁਤ ਹੀ ਜਿਆਦਾ ਵਾਧੂ ਊਰਜਾ ਦੀ !

**ਔਰਤ ਸੂਤਰਧਾਰ:** ਟਿਕਾਊ ਵਿਕਾਸ ਵਾਸਤੇ ਭਵਨ ਨਿਰਮਾਣ ਕਲਾ ਵਿੱਚ ਲੋੜ ਹੈ ਇੱਕ ਚੰਗੇ ਡਿਜ਼ਾਈਨ ਦੀ, ਇੱਕ ਸਮੁਚੀ ਟੀਮ ਦੇ ਰੂਪ ਵਿੱਚ ਜਗ੍ਹਾ ਦੀ ਤੇ ਸਮੱਗਰੀ ਦੀ ਵਰਤੋਂ ਦੀ , ਅਜੋਕੇ ਭਵਨਾਂ ਵਿੱਚ ਕਚਰੇ ਦੇ ਟਿਕਾਊ ਨਿਪਟਾਰੇ ਦੀ !

**ਮਰਦ ਸੂਤਰਧਾਰ:** ਮਹਾਨਗਰਾਂ ਤੇ ਹੋਰ ਵੱਡੇ ਸ਼ਹਿਰਾਂ ਦੇ ਅੰਦਰ ਵੱਧਦੇ ਵਾਹਨਾ ਕਰਕੇ ਆਵਾਜਾਈ ਦੀਆਂ ਸਮੱਸਿਆਵਾਂ ਰਹੀਆਂ ਨੇ ਵਧ ! ਵੱਡੀ ਸਮੱਸਿਆ ਨੇ ਦੋ ਪਹੀਆ ਵਾਹਣਾਂ 'ਤੇ ਸਵਾਰ ਹੋਣ ਵਾਲਿਆਂ ਦੇ ਹਾਦਸਿਆਂ ਵਿੱਚ ਹੁੰਦੀਆਂ ਮੌਤਾਂ !

**ਔਰਤ ਸੂਤਰਧਾਰ:** ਵਿਅਕਤੀਗਤ ਪੱਧਰ 'ਤੇ ਇਨ੍ਹਾਂ ਦੇ ਹੱਲ ਵਿੱਚ ਨਸ਼ਟ ਹੁੰਦੇ ਨੇ ਸਮਾ ਤੇ ਊਰਜਾ ਬਹੁਤ ਹੀ ਜਿਆਦਾ ! ਪਰ ਸਸਤਾ ਤੇ ਸੌਖਾ ਹੱਲ ਹੈ ਸਮਾਜਿਕ ਪੱਧਰ ਤੇ ਆਵਾਜਾਈ ਦਾ ਨਿਯੰਤਰਣ ! ਜਿੰਦਗੀਆਂ ਵੀ ਜਿਆਦਾ ਬਚ ਸਕਦੀਆਂ ਹਨ !

**ਮਰਦ ਸੂਤਰਧਾਰ:** ਮਹਾਨਗਰਾਂ ਵਿੱਚ ਆਵਾਜਾਈ ਦੇ ਪ੍ਰਬੰਧ ਵਿੱਚ ਸੁਧਾਰ ਵਾਸਤੇ ਉਚ-ਪੂੰਜੀ ਲਾਗਤ ਵਾਲੀ ਮੈਟਰੋ ਰੇਲ ਦੇ ਮੁਕਾਬਲੇ ਬਦਲ ਹੈ ਬਸ ਤੇਜ ਲਾਂਘੇ ( ਬੀ ਆਰ ਟੀ ) ਜਿਨ੍ਹਾਂ ਵਿਚ ਭੀੜ ਵਾਲੀਆਂ ਸੜਕਾਂ 'ਤੇ ਬੱਸਾਂ ਦੀ ਰੁਕਾਵਟ ਅਤੇ ਜਾਮ ਵਿੱਚ ਫਸਣ ਨੂੰ ਰੋਕਣ ਵਾਸਤੇ ਵਿਸ਼ੇਸ਼ ਲਾਂਘੇ ਬਣਾਏ ਜਾਂਦੇ ਹਨ ਜੋ ਕੇਵਲ ਬਸਾਂ ਵਾਸਤੇ ਹੀ ਹੁੰਦੇ ਹਨ ।

**ਔਰਤ ਸੂਤਰਧਾਰ:** ਬਹੁਤ ਉਦਹਾਰਣਾਂ ਹਨ ਕਿ ਇਨ੍ਹਾਂ ਲਾਂਘਿਆਂ ਨਾਲ ਸਮਾ ਅਤੇ ਊਰਜਾ ਤਾਂ ਬਚਦੇ ਹੀ ਹਨ ਪਰ ਮੈਟਰੋ ਰੇਲ ਦੇ ਮੁਕਾਬਲੇ ਇਹ ਬਹੁਤ ਹੀ ਜਿਆਦਾ ਸਸਤੇ ਵੀ ਹਨ !

**ਮਰਦ ਸੂਤਰਧਾਰ:** ਕੂੜੇ ਦੀ ਵੱਧਦੀ ਮਾਤਰਾ ਕਾਰਨ ਨਿੱਤ ਦਿਨ ਸਮਾਜ ਉਤੇ ਪੈ ਰਿਹਾ ਹੈ ਬਹੁਤ ਜਿਆਦਾ ਦਬਾਅ ! ਇਸ ਵਧਦੇ ਦਬਾਅ ਦਾ ਸਮਾਧਾਨ ਹੈ ਕੂੜੇ ਦੇ ਨਿਪਟਾਰੇ ਦੀ ਪਰਿਆਵਰਣੀ ਮਿੱਤਰ ਵਿਧੀ ! ਨਹੀਂ ਤਾਂ ਮਹਾਂ ਨਗਰਾਂ ਵਿੱਚ ਕੂੜੇ ਦੇ ਢੇਰਾਂ ਨੂੰ ਲੱਗਦੀ ਅੱਗ ਕਰ ਦਿੰਦੀ ਹੈ ਪੈਦਾ ਧੂੰਏਂ ਦਾ ਅੰਧ ਗੁਬਾਰ !

**ਔਰਤ ਸੂਤਰਧਾਰ:** ਪੇਂਡੂ ਇਲਾਕੇ ਵਿੱਚ ਕੂੜਾ ਦਬਾਉਣ ਦੀਆਂ ਨਵੀਂਆਂ ਜਗ੍ਹਾ ਤਿਆਰ ਕਰਨ ਦੇ ਵਿਰੋਧ ਵਿੱਚ ਪਿੰਡਾਂ ਦੇ ਲੋਕਾਂ ਵੱਲੋਂ ਹੋ ਰਹੇ ਨੇ ਪ੍ਰਦਰਸ਼ਨ…! ਕੂੜਾ ਪ੍ਰਬੰਧਣ ਦੇ ਵਾਤਾਵਰਨੀ ਅਨਕੂਲ ਤਰੀਕੇ ਤੇ ਸਥਾਈ ਵਿਧੀਆਂ ਅਪਣਾਉਣ ਦੀ ਲੋੜ ਹੈ! ਐਨਵਾਇਰਨਮੈਂਟ ਪ੍ਰੋਟੈਕਸ਼ਨ ਏਜੈਂਸੀ (ਈ.ਪੀ.ਏ.) ਅਨੁਸਾਰ ਲੀਚੇਟ ਵਿਧੀ ਹੈ ਸੁਰੱਖਿਅਤ ਨਿਪਟਾਰੇ ਦਾ ਇੱਕ ਤਰੀਕਾ !

**ਮਰਦ ਸੂਤਰਧਾਰ:** ਕੂੜਾ ਘੱਟ ਕਰਨ ਦੀ ਲੋੜ ਹੈ, ਉਸ ਨੂੰ ਦੁਬਾਰਾ ਵਰਤੋਂ ਲਾਇਕ ਬਣਾਉਣ ਦੀ ਆਦਤ ਸਿਰਜਨ ਉੱਤੇ ਜ਼ੋਰ ਦੇਣ ਦੀ ਲੋੜ ਹੈ, ਜੈਵਿਕ ਕੂੜੇ ਨੂੰ ਵੱਖ ਕਰਕੇ ਖਾਦ ਬਣਾਉਣ ਦੀ ਲੋੜ ਹੈ ! ਉਦਯੋਗਾਂ ਵੱਲੋਂ ਫੇਲਾਏ ਜਾ ਰਹੇ ਵਰਤੋ ਤੇ ਸੁਟੋ ਸਭਿਆਚਾਰ ਨੂੰ ਠੱਲ੍ਹ ਪਾਉਣ ਦੀ ਹੈ ਲੋੜ !

**ਔਰਤ ਸੂਤਰਧਾਰ:** ਸਹੱਸਰਬਦੀਆਂ ਤੋਂ ਬਣਾਏ ਜਾ ਰਹੇ ਘਰਾਂ ਤੇ ਹੋਰ ਭਵਨਾਂ ਦੀ ਉਸਾਰੀ ਦੀਆਂ ਤਕਨੀਕਾਂ ਵਿੱਚ ਹੋਇਆ ਹੈ ਵਿਕਾਸ ਤੇ ਹੋਏ ਨੇ ਬਦਲਾਅ ਵੀ ! ਭਵਨ ਨਿਰਮਾਣ ਸਮੱਗਰੀ ਅਤੇ ਭਵਨ ਨਿਰਮਾਨ ਵਿਧੀਆਂ ਵਿੱਚ ਵੀ ਆਏ ਨੇ ਬਦਲਾਅ !

**ਮਰਦ ਸੂਤਰਧਾਰ:** ਆਧੁਨਿਕ ਯੁੱਗ ਵਿੱਚ ਆਫਤਾਂ ਦੀਆਂ ਵਧਦੀਆਂ ਹੋਈਆਂ ਘਟਨਾਵਾਂ ਦੇ ਮੱਦੇ – ਨਜ਼ਰ ਆਫਤ ਰੋਧਕ ਭਵਨ ਤੇ ਸਰੰਚਨਾਵਾਂ, ਸੁਰੱਖਿਅਤ ਰੈਣ ਬਸੇਰਿਆਂ, ਵਪਾਰਕ ਭਵਨਾਂ ਤੇ ਪੁਲਾਂ ਆਦਿ ਦੀ ਲੋੜ ਹੈ ! ਇਸ ਕਾਰਜ ਵਾਸਤੇ ਲੋੜ ਹੈ ਆਫਤ ਰੋਧਕ ਭਵਨ ਨਿਰਮਾਨ ਸਮੱਗਰੀ ਦੀ ਅਤੇ ਤਕਨੀਕਾਂ ਦੀ !

**ਔਰਤ ਸੂਤਰਧਾਰ:** ਲਚਕੀਲੀਆਂ ਸਰੰਚਨਾਵਾਂ ਨੇ ਇੱਕ ਵਿਕਲਪ ! ਭੂਚਾਲ ਦੌਰਾਨ ਇਹ ਸੱਜੇ-ਖੱਬੇ ਦੇ ਡੋਲਣ ਨੂੰ ਸਹਿ ਸਕਦੀਆਂ ਹਨ ! ਪਹਿਲੀ ਮੰਜ਼ਲ ਤੱਕ ਇਸਦੇ ਨੀਹਾਂ ਤੇ ਖੰਭੇ ਬਹੁਤ ਮਜਬੂਤ ਹੁੰਦੇ ਹਨ ! ਤੇਜ ਹਵਾਵਾਂ ਤੇ ਪਾਣੀ ਜੇ ਕਰ ਇਮਾਰਤਾਂ ਦੇ ਕੋਲੋਂ ਸੌਖੇ ਲੰਘ ਸਕਣ ਤਾਂ ਉਨ੍ਹਾਂ ਇਮਾਰਤਾਂ ਨੂੰ ਤੂਫਾਨਾਂ ਤੇ ਜਵਾਰ-ਭਾਟਿਆਂ ਵੇਲੇ ਨੁਕਸਾਨ ਨਹੀਂ ਹੁੰਦਾ !

**ਮਰਦ ਸੂਤਰਧਾਰ:** ਪ੍ਰਾਚੀਨ ਕਾਲ ਤੋਂ ਹੁਣ ਤੱਕ ਮੌਸਮਾਂ ਤੇ ਆਫਤਾਂ ਦੇ ਪੂਰਵ ਅਨੁਮਾਨ ਲਗਾ ਕੇ ਭਵਿੱਖ ਬਾਣੀਆਂ ਕਰਨ ਅਤੇ ਸੂਚਨਾ ਦੇਣ ਦੇ ਤੌਰ ਤਰੀਕਿਆਂ ਰਾਹੀਂ ਹੜ੍ਹਾਂ , ਚਕਰਵਾਤਾਂ, ਸੁਨਾਮੀਆਂ ਤੇ ਭੁਚਾਲਾਂ ਨਾਲ ਹੋਣ ਵਾਲੇ ਜਾਨ ਮਾਲ ਦੇ ਖਰਾਬਿਆਂ ਨੂੰ ਘਟਾਉਣ ਦੇ ਯਤਨ ਹੁੰਦੇ ਰਹੇ ਹਨ !

**ਔਰਤ ਸੂਤਰਧਾਰ:** ਵਿਕਸਿਤ ਵਿਗਿਆਨ ਤੇ ਨਵੇਂ ਔਜਾਰਾਂ ਰਾਹੀਂ ਸਟੀਕ ਭਵਿੱਖ ਬਾਣੀਆਂ ਕਰਕੇ ਸੰਸਾਰ ਮੌਸਮ ਵਿਗਿਆਨ ਸੰਸਥਾ (ਵਰਲਡ ਮੈਟਰੋਲੋਜੀਕਲ ਆਰਗੇਨਾਈਜ਼ੇਸ਼ਨ) ਆਫਤਾਂ ਘਟਾਊ ਅੰਤਰ-ਰਾਸਟਰੀ ਪੈਂਤੜੇਬਾਜੀ ( **ਇੰਟਰਨੈਸ਼ਨਲ ਸਟਰੈਟੇਜੀ ਫਾਰ ਡਿਜ਼ਾਸਟਰ ਰਿਡਕਸ਼ਨ**) ਨਾਲ ਆਫ਼ਤਾਂ ਤੋਂ ਬਚਾਅ ਲਈ ਤੇ ਆਫਤਾਂ ਘਟਾਉਣ ਵਾਸਤੇ ਸਹਿਯੋਗ ਕਰਦਾ ਹੈ।

**ਮਰਦ ਸੂਤਰਧਾਰ:** ਕਿਸੇ ਖੇਤਰ ਵਿਚ ਹੋਣ ਵਾਲੇ ਖ਼ਤਰਿਆਂ ਦੇ ਗਿਆਨ, ਤਕਨੀਕੀ ਨਿਯੰਤਰਨ ਤੇ ਚੇਤਾਵਨੀ ਸੇਵਾ, ਖ਼ਤਰੇ ਸਮੇਂ ਲੋਕਾਂ ਵਿਚ ਉਨ੍ਹਾਂ ਦੀ ਬੋਲੀ ਵਿੱਚ ਪ੍ਰਸਾਰ ਅਤੇ ਸਹੀ ਕਦਮ ਚੁੱਕਣ ਲਈ ਲੋਕਾਂ ਨੂੰ ਜਾਗਰੂਕ ਤੇ ਤਿਆਰ ਕਰਨ ਦੇ ਰਾਹੀਂ ਲੋਕਾਂ ਨੂੰ ਪੂਰਵ ਚੇਤਾਵਨੀ ਪ੍ਰਣਾਲੀਆਂ ਨਾਲ ਸੁਚੇਤ ਕਰਕੇ ਵੱਡੇ ਪੱਧਰ ਤੇ ਹੁੰਦੇ ਵਿਨਾਸ਼ ਨੂੰ ਰੋਕਿਆ ਜਾ ਸਕਦਾ ਹੈ !

**ਔਰਤ ਸੂਤਰਧਾਰ:** ਇਨ੍ਹਾਂ ਚਾਰ ਮੁੱਖ ਨਿਯਮਾਂ ਅਨੁਸਾਰ ਸੂਚਨਾ ਦੇਣ ਨਾਲ 1999 ਦੇ ਉਡੀਸਾ ਦੇ ਤੂਫਾਨ ਵਿੱਚ ਹੋਈਆਂ 10,000 ਤੋਂ ਵੱਧ ਮੌਤਾਂ ਦੇ ਮੁਕਾਬਲੇ 2013, 2014 ਵਿੱਚ ਆਏ ਤੁਫਾਨਾਂ ਵਿੱਚ ਕੇਵਲ 21 ਤੇ 46 ਮੌਤਾਂ ਹੀ ਹੋਈਆਂ !

--------ਸਮਾਪਤ------

ਪ੍ਰਸ਼ਨ-1 ਟਿਕਾਊ ਵਿਕਾਸ ਕੀ ਹੈ?

ਉੱਤਰ: ਸੰਸਾਧਨਾਂ ਤੇ ਚੁਗਿਰਦੇ ਦਾ ਸੁਰੱਖਿਅਣ ਕਰਦੇ ਹੋਏ ਵਿਕਾਸ ਦਾ ਰਸਤਾ ! ਜਿਸਦਾ ਮੂਲ਼ ਮੰਤਰ ਹੈ ਘੱਟ ਵਰਤੋ, ਮੁੜ-ਮੁੜ ਵਰਤੋ, ਪੁਨਰ-ਚਕਰੀਕਰਨ ਕਰਕੇ ਵਰਤੋ !

ਪ੍ਰਸ਼ਨ : ਟਿਕਾਊ ਵਿਕਾਸ ਵਿੱਚ ਕਿਹੜੇ ਸੰਸਾਧਨ ਸ਼ਾਮਲ ਹਨ

ਉੱਤਰ : ਇਸ ਵਿੱਚ ਜੈਵਿਕ ਤੇ ਖੇਤੀ ਵੰਨ-ਸੁਵੰਨਤਾ , ਸਾਗਰਾਂ , ਪਹਾੜਾਂ , ਜੰਗਲਾਂ ਤੇ ਧਰਤੀ ਦਾ ਪਰਿਆਵਰਣੀ ਤੰਤਰ , ਟਿਕਾਊ ਖਨਣ , ਕੂੜੇ ਦਾ ਸਹੀ ਨਿਪਟਾਰਾ !